# ਦਰਵੇਸ਼ ਦੀ ਫ਼ਕੀਰੀ


ਲੇਖਕ :
ਓਮ ਪ੍ਰਕਾਸ਼ 'ਗਾਸੋ'



ਪ੍ਰਕਾਸ਼ਕ : ਡਾ : ਇੰਦਰਜੀਤ ਕੌਰ
ਪ੍ਰਧਾਨ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ :)
ਅੰਮ੍ਰਿਤਸਰ ।



ਪਹਿਲਾ ਐਡੀਸ਼ਨ ਜੂਨ 1999 ਨੂੰ ਛਪਿਆ 10,000
ਦੂਜਾ ਐਡੀਸ਼ਨ ਫ਼ਰਵਰੀ 2003 ਨੂੰ ਛਪਿਆ 5,000
ਤੀਜਾ ਐਡੀਸ਼ਨ ਫ਼ਰਵਰੀ 2007 ਨੂੰ ਛਪਿਆ 10,000
ਚੌਥਾ ਐਡੀਸ਼ਨ ਜੂਨ 2012 ਨੂੰ ਛਪਿਆ 10,000
ਪੰਜਵਾਂ ਐਡੀਸ਼ਨ ਮਈ 2015 ਨੂੰ ਛਪਿਆ 10,000
ਛੇਵਾਂ ਐਡੀਸ਼ਨ ਸਤੰਬਰ 2018 ਨੂੰ ਛਪਿਆ 10,000


---

**—ਭੇਟਾ ਰਹਿਤ—**

---


ਪ੍ਰਕਾਸ਼ਕ: ਡਾ: ਇੰਦਰਜੀਤ ਕੌਰ,
ਪ੍ਰਧਾਨ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ :)
ਅੰਮ੍ਰਿਤਸਰ ।

ਛਾਪਕ : ਪੂਰਨ ਪ੍ਰਿੰਟਿੰਗ ਪ੍ਰੈਸ
(ਮਾਨਾਂਵਾਲਾ ਕੰਪਲੈਕਸ) ਪਿੰਗਲਵਾੜਾ ਜੀ.ਟੀ.ਰੋਡ, ਅੰਮ੍ਰਿਤਸਰ ।
ਫ਼ੋਨ : 0183-2584713, 2584586
ਫ਼ੈਕਸ : 0183-2584586
Website: www.pingalwara.org
E-mail : pingalwara 57@gmail.com

## ਆਰੰਭ—

ਮਾਨਵਵਾਦੀ ਇਤਿਹਾਸ ਆਪਣੇ ਆਪ ਬਣਦਾ ਨਹੀਂ ਸਗੋਂ ਅਜਿਹੇ ਇਤਿਹਾਸ ਦੀ ਸਿਰਜਣਾ ਕੀਤੀ ਜਾਂਦੀ ਹੈ । ਸਮੇਂ ਦੇ ਸੁਨਹਿਰੀ ਪਲਾਂ ਦਾ ਜਨਮ ਕਿਸੇ ਹੋਣਹਾਰ ਹੁਨਰ ਵਿੱਚੋਂ ਵਿਕਸਿਤ ਹੁੰਦਾ ਰਹਿੰਦਾ ਹੈ । ਹੋਣਹਾਰ ਹੁਨਰ ਵਾਲੇ ਇਤਿਹਾਸ ਉੱਤੇ ਮਾਣ ਕੀਤਾ ਜਾ ਸਕਦਾ ਹੈ । ਅਜਿਹੇ ਇਤਿਹਾਸ ਨੂੰ ਫ਼ਖਰ ਆਖਿਆ ਜਾ ਸਕਦਾ ਹੈ । ਸਦੀਆਂ ਤੋਂ ਮਨੁੱਖ ਅਤੇ ਇਤਿਹਾਸ ਦਾ ਸੰਬੰਧ ਤੁਰਿਆ ਆ ਰਿਹਾ ਹੈ । ਇਤਿਹਾਸ ਤੋਂ ਬਿਨਾਂ ਆਦਮੀ ਸੁੰਨਾ ਹੁੰਦਾ ਹੈ ਤੇ ਮਨੁੱਖ ਤੋਂ ਬਿਨਾਂ ਇਤਿਹਾਸ ਕੋਲ ਕਹਿਣ ਲਈ ਕੁਝ ਨਹੀਂ ਹੁੰਦਾ । ਵੇਖਿਆ ਜਾਵੇ ਤਾਂ ਮਨੁੱਖ ਦੀ ਕਥਾ ਤੋਂ ਬਿਨਾਂ ਇਤਿਹਾਸ ਸੱਖਣਾ ਹੀ ਨਹੀਂ ਰਹਿੰਦਾ ਸਗੋਂ ਅਧੂਰਾ ਵੀ ਹੁੰਦਾ ਹੈ । ਅਧੂਰੇ ਇਤਿਹਾਸ ਦੀ ਪੂਰਤੀ ਵਾਸਤੇ ਕਿਸੇ ਪਰਮ ਮਨੁੱਖ ਦੀ ਘਾਲਣਾ ਅਤੇ ਕਿਰਤ ਦੇ ਦ੍ਰਿਸ਼ਟਾਂਤ ਪਰਮ ਇਤਿਹਾਸ ਦੇ ਪਰਮ ਪ੍ਰਕਰਣ ਬਣੇ ਰਹਿੰਦੇ ਹਨ । ਇਤਿਹਾਸ ਦੇ ਇਹ ਪਰਮ-ਪ੍ਰਕਰਣ ਮਨੁੱਖ ਲਈ ਪ੍ਰੇਰਣਾ ਦਾ ਸਰੋਤ ਹੁੰਦੇ ਹਨ । ਪਰਮ ਇਤਿਹਾਸ ਦੀ ਉਤਪਤੀ ਵੀ ਕਿਸੇ ਪਰਮ-ਮਨੁੱਖ ਦੀ ਸੱਚੀ, ਸੁੱਚੀ ਤੇ ਸਿਦਕ ਵਾਲੀ ਘਾਲਣਾ ਵਿੱਚੋਂ ਹੁੰਦੀ ਹੈ । ਹੋਣਹਾਰ ਹੁਨਰ ਵਾਲੇ ਇਤਿਹਾਸ ਦੇ ਸੰਸਕਾਰ ਸਾਡੇ ਸਮਾਜ ਲਈ ਬਹੁਤ ਵੱਡੀ ਮਲਕੀਅਤ ਹੁੰਦੇ ਹਨ ।

ਇਤਿਹਾਸ ਦੀ ਬੁੱਕਲ ਵਿੱਚ ਕੁਝ ਅਜਿਹੇ ਕਲੰਕਿਤ ਪਲ ਵੀ ਟਿਕਦੇ ਹਨ ਜਿਨ੍ਹਾਂ ਲਈ ਸਮੇਂ ਤੇ ਸਮਾਜ ਨੂੰ ਸ਼ਰਮਸਾਰ ਹੋਣਾ ਪੈਂਦਾ ਹੈ। ਮਾਰ-ਕੁੱਟ, ਜ਼ੁਲਮ, ਪੀੜਾ, ਦੁੱਖ, ਅਨਿਆਂ ਅਤੇ ਅਰਾਜਕਤਾ ਤੋਂ ਬਿਨਾਂ ਇਤਿਹਾਸ ਅਜਿਹੀਆਂ ਨਾਜ਼ੁਕ ਸਥਿਤੀਆਂ ਪੈਦਾ ਕਰਦਾ ਰਹਿੰਦਾ ਹੈ ਜਿਸ ਵਿੱਚੋਂ ਲੁੱਟ-ਖਸੁੱਟ, ਬਦਅਮਨੀ, ਲੜਾਈ, ਝਗੜੇ, ਵਧੀਕੀ, ਯੁੱਧ ਵਰਗੇ ਕੁਕਰਮ ਵਧਦੇ ਰਹਿੰਦੇ ਹਨ ।

ਆਮ ਸਤਰਾਂ ਵਿੱਚ ਇਤਿਹਾਸ ਬਣਨ ਦੀ ਸਮਰੱਥਾ ਨਹੀਂ ਹੁੰਦੀ। ਨਿਰਸੰਦੇਹ ਅੱਜਕੱਲ੍ਹ ਸਤਰਾਂ ਨੂੰ ਸਜਾ ਕੇ, ਪੇਸ਼ ਕਰਨ ਦੀ ਫ਼ੈਸ਼ਨਵਾਦੀ ਪਿਰਤ ਵਿੱਚ ਵਾਧਾ ਹੋ ਰਿਹਾ ਹੈ । ਇਸ ਕਾਰਨ ਇਤਿਹਾਸ ਦਾ ਇਤਿਹਾਸਿਕ ਨੁਕਸਾਨ ਹੋ ਰਿਹਾ ਹੈ । ਵੇਖਿਆ ਜਾਵੇ ਤਾਂ ਅਸਲੀ ਮਨੁੱਖ ਦਾ ਸਿਰਜਿਆ ਪਰਮ-ਇਤਿਹਾਸ, ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਦੂਰ ਰੱਖਿਆ ਜਾ ਰਿਹਾ ਹੈ । ਇਸ ਅਮਲ ਸਦਕਾ ਧੋਖੇ ਵਾਲੇ ਇਤਿਹਾਸਿਕ ਪ੍ਰਕਰਣ ਪੈਦਾ ਹੋ ਕੇ



ਸਮਾਜਿਕ-ਬਿਰਤੀਆਂ ਨੂੰ ਕੁਰਾਹੇ ਪਾ ਰਹੇ ਹਨ ।

ਇੱਥੇ ਹੀ ਜੇਕਰ ਸੰਖੇਪ ਤੇ ਸਾਰ ਰੂਪ ਵਿੱਚ ਭਗਤ ਪੂਰਨ ਸਿੰਘ ਜੀ ਬਾਰੇ ਦੋ ਸਤਰਾਂ ਵਿੱਚ ਕਹਿਣਾ ਹੋਵੇ ਤਾਂ ਆਖਿਆ ਜਾ ਸਕਦਾ ਹੈ ਕਿ ਭਗਤ ਜੀ ਇਕ ਰਾਹ ਸਨ ਅਤੇ ਉਹ ਸਵੱਛ ਇਤਿਹਾਸ ਦੀ ਇਕ ਅਜਿਹੀ ਇਬਾਰਤ ਹਨ ਜਿਸ ਨੂੰ ਪੜ੍ਹਕੇ ਮਨੁੱਖੀ-ਮਨ ਵਿੱਚ ਮਾਨਵਵਾਦੀ ਸੰਸਕਾਰ ਪੈਦਾ ਹੁੰਦੇ ਹਨ । ਇਹਨਾਂ ਸੰਸਕਾਰਾਂ ਸਦਕਾ ਹੀ ਅਸੀਂ ਭਗਤ ਜੀ ਦੀ ਸਮੁੱਚੀ ਘਾਲਣਾ ਨੂੰ ਇਕ ਦਰਵੇਸ਼ ਦੀ ਫ਼ਕੀਰੀ ਆਖ ਸਕਦੇ ਹਾਂ ।

ਸਹੀ ਤੇ ਸ਼ੁੱਧ ਇਤਿਹਾਸ ਮਨੁੱਖ ਲਈ ਆਸਰਾ ਹੁੰਦਾ ਹੈ । ਇਤਿਹਾਸ ਵਿੱਚ ਰਲਾ ਰਲਦਾ ਰਹਿੰਦਾ ਹੈ । ਸੁਆਰਥੀ ਪ੍ਰਵਿਰਤੀਆਂ ਤੇ ਸਮਾਜਿਕ-ਧਾਂਦਲੀਆਂ ਇਤਿਹਾਸਿਕ-ਪਵਿੱਤਰਤਾ, ਇਤਿਹਾਸਿਕ-ਸਪੱਸ਼ਟਤਾ, ਇਤਿਹਾਸਿਕ-ਘਾਲਣਾ, ਇਤਿਹਾਸਿਕ ਪ੍ਰੇਰਣਾ, ਇਤਿਹਾਸਿਕ ਹੁਨਰ ਤੇ ਇਤਿਹਾਸਿਕ-ਸ਼ਕਤੀ ਵਿੱਚ ਖੋਟ ਪਾਉਣ ਦੀ ਕੋਸ਼ਿਸ਼ ਕਰਦੀਆਂ ਰਹਿੰਦੀਆਂ ਹਨ, ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਇਤਿਹਾਸਿਕ ਨਿਖਾਰ ਵਿੱਚੋਂ ਪੈਦਾ ਹੋਣ ਵਾਲੇ ਸੱਚੇ-ਸੁੱਚੇ ਤੇ ਨਿਸ਼ਕਾਮ-ਅਰਥ ਲੱਭਣ ਵਿੱਚ ਔਕੜ ਆਉਂਦੀ ਹੈ । ਇਸ ਸੰਦਰਭ ਵਿੱਚ ਸਿਆਸੀ-ਭੂਮਿਕਾ ਇਤਿਹਾਸ ਨੂੰ ਪੁੱਠੇ ਪਾਸੇ ਲੈ ਜਾਣ ਦੀ ਵਧੀਕੀ ਕਰ ਜਾਂਦੀ ਹੈ ਜਿਸ ਕਾਰਨ ਨਿਸ਼ਕਾਮ-ਕਰਮ ਅੱਖਾਂ ਤੋਂ ਓਝਲ ਹੋ ਜਾਂਦਾ ਹੈ ।

ਅਜਿਹੀ ਨਾਜ਼ੁਕ ਸਥਿਤੀ ਨੂੰ ਸੰਭਾਲਣ ਵਾਲੇ ਹੋਣਹਾਰ ਤੇ ਹੁਨਰ-ਮੰਦ ਸੰਸਕਾਰ ਸਮਾਜ ਵਿੱਚ ਪ੍ਰਵੇਸ਼ ਪਾਉਂਦੇ ਰਹਿੰਦੇ ਹਨ ਅਤੇ ਸਮਾਜਿਕ ਇਤਿਹਾਸ ਦੇ ਅਦੁੱਤੀ ਅੱਖਰ ਬਣ ਕੇ, ਸਮਾਜ ਵਿਚਲੀ ਪ੍ਰੇਮ ਤੇ ਪ੍ਰੀਤ ਦੀ ਧਾਰਾ ਨੂੰ ਸਵੱਛ ਰੱਖਦੇ ਹਨ । ਜੇਕਰ ਅਜਿਹੇ ਸੰਸਕਾਰ ਸਮਾਜ ਵਿੱਚ ਵਿਦਮਾਨ ਨਾ ਹੋਣ ਤਦ ਸਮਾਜ, ਸੁੰਨਾ, ਪਥਰੀਲਾ, ਅੱਖੜ, ਕਠੋਰ, ਨਿਰਮਨ ਤੇ ਨਿਰਦਈ ਬਣਕੇ ਰਹਿ ਜਾਵੇ । 'ਟੈਗੋਰ' ਜੀ ਦੀ ਇਕ ਕਵਿਤਾ ਦਾ ਭਾਵ ਹੈ ਕਿ 'ਟੈਗੋਰ' ਨੇ ਆਪਣੇ ਘਰ ਵਿੱਚ ਮਾੜੀਆਂ ਗੱਲਾਂ ਦੇ ਅੰਦਰ ਆਉਣ ਤੋਂ ਬਚਾਅ ਕਰਨ ਲਈ ਆਪਣੇ ਕਮਰੇ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ, ਆਖਿਰ ਇਕ ਦਿਨ ਉਸਦੇ ਦਰ ਅੱਗੇ ਚੰਗਿਆਈ ਆਈ ਤੇ ਉਸਨੇ ਪੁੱਛਿਆ ਕਿ ਚੰਗਿਆਈ ਦੇ ਪ੍ਰਵੇਸ਼ ਲਈ ਵੀ ਤਾਂ ਕੋਈ ਦਰਵਾਜ਼ਾ ਖੁੱਲ੍ਹਾ ਰੱਖਣਾ ਸੀ । ਹੁਣ ਇਹਨਾਂ ਦਰਵਾਜ਼ਿਆਂ ਦੇ ਬੰਦ ਹੋਣ ਕਰਕੇ ਮੈਂ ਕਿੱਥੋਂ

ਦੀ ਪ੍ਰਵੇਸ਼ ਕਰਾਂ?

ਭਗਤ ਪੂਰਨ ਸਿੰਘ ਵਰਗੀਆਂ ਰੂਹਾਂ ਇਤਿਹਾਸ ਦੇ ਅਦੁੱਤੀ ਅੱਖਰ ਬਣਕੇ ਸਮਾਜਿਕ-ਜ਼ਿੰਦਗੀ ਦੇ ਦਰ ਖੁੱਲ੍ਹੇ ਰੱਖਦੀਆਂ ਰਹੀਆਂ ਤਾਂ ਕਿ ਭਲੀ ਵਸਤ ਦੇ ਪ੍ਰਵੇਸ਼ ਕਰਨ ਵਿੱਚ ਔਕੜ ਨਾ ਆਵੇ ।

**ਬਚਪਨ**—

ਭਗਤ ਪੂਰਨ ਸਿੰਘ ਜੀ ਦਾ ਜਨਮ ਪਿੰਡ ਰਾਜੇਵਾਲ, ਜ਼ਿਲ੍ਹਾ ਲੁਧਿਆਣਾ ਵਿੱਚ ਸੰਨ ੧੯੦੪ ਨੂੰ ਹੋਇਆ । ਇਸ ਅਦਭੁੱਤ ਪਿਆਰ ਦੇ ਮਸੀਹੇ ਦਾ ਬਚਪਨ ਦਾ ਨਾਂ ਰਾਮ ਜੀ ਦਾਸ ਸੀ । ਮਾਤਾ ਮਹਿਤਾਬ ਕੌਰ ਨੇ ਧ੍ਰੂ ਭਗਤ, ਹਨੂੰਮਾਨ ਜਤੀ, ਸ਼ਿਵ ਜੀ ਮਹਾਰਾਜ ਅਤੇ ਭਰਥਰੀ ਭਗਤ, ਵਰਗੇ ਅਨੇਕਾਂ ਮਹਾਤਮਾਵਾਂ ਦੀਆਂ ਸਾਖੀਆਂ ਸੁਣਾਉਣੀਆਂ, ਸਾਰਾ ਦਿਨ ਸੇਵਾ ਵਿੱਚ ਜੁੱਟੇ ਰਹਿਣਾ ਅਤੇ ਪਰਉਪਕਾਰ ਦੇ ਕੰਮਾਂ ਦੀ ਪ੍ਰੇਰਣਾ ਦੇਣੀ ।

ਮਾਂ ਦੀ ਬੁੱਕਲ ਅਪਣੱਤ ਦੀ ਕਰਾਮਾਤੀ ਵਸਤੂ ਹੁੰਦੀ ਹੈ । ਮਾਂ ਦੀ ਬੁੱਕਲ ਵਿੱਚੋਂ ਬਾਲਕ ਦੀਆਂ ਨਿੱਕੀਆਂ-ਨਿੱਕੀਆਂ ਰੱਬੀ ਨੂਰ ਵਾਲੀਆਂ ਨਜ਼ਰਾਂ, ਕਿਸੇ ਅਜਿਹੇ ਅਗੰਮੀ ਪ੍ਰਕਾਸ਼ ਨੂੰ ਪ੍ਰਾਪਤ ਕਰਦੀਆਂ ਰਹਿੰਦੀਆਂ ਹਨ ਜਿਹੜਾ ਭਵਿੱਖ ਵਿੱਚ ਸੰਸਾਰਿਕ-ਸੁਰ-ਧਾਰਾ ਤੇ ਸਮਾਜਿਕ ਅਪਣੱਤ ਦਾ ਸੰਗੀਤ ਬਣਕੇ ਗੂੰਜਦਾ ਰਹਿੰਦਾ ਹੈ ।

ਹਿੰਦੂ ਸੰਸਕਾਰਾਂ ਵਿੱਚ ਪਲੇ ਹੋਏ ਰਾਮ ਜੀ ਦਾਸ ਨੇ ਹਨੂੰਮਾਨ ਚਾਲੀਸਾ ਦੇ ਪਾਠ ਕਰਨੇ, ਗਊਆਂ ਨੂੰ ਪਾਣੀ ਪਿਆਉਣਾ, ਜਾਨਵਰਾਂ ਨੂੰ ਦਾਣੇ ਪਾਉਣੇ, ਰਾਹੀਆਂ ਦੀ ਸੇਵਾ ਕਰਨੀ ਅਤੇ ਠਾਕੁਰਾਂ ਨੂੰ ਇਸ਼ਨਾਨ ਕਰਵਾਉਣਾ ਆਪਣਾ ਕਰਤੱਵ ਬਣਾ ਲਿਆ; ਪਰ ਰੇਰੂ ਸਾਹਿਬ ਗੁਰਦੁਆਰੇ ਵਿੱਚ ਕੱਟੀ ਹੋਈ ਇਕ ਰਾਤ ਨੇ ਰਾਮ ਜੀ ਦਾਸ ਨੂੰ ਪੂਰਨ ਸਿੰਘ ਬਣਾ ਦਿੱਤਾ ।

ਸਮਾਜਿਕ ਹਾਲਤਾਂ ਕਰਕੇ ਭਗਤ ਜੀ ਦਸਵੀਂ ਬਾਅਦ ਆਪਣੀ ਪੜ੍ਹਾਈ ਜਾਰੀ ਨਾ ਰੱਖ ਸਕੇ ਅਤੇ ਲਾਹੌਰ ਦੇ ਇਕ ਸਰਦਾਰ ਹਰਨਾਮ ਸਿੰਘ ਦੀ ਪ੍ਰੇਰਨਾ ਹੇਠ ਭਗਤ ਜੀ ਨੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਨੂੰ ਆਪਣਾ ਘਰ, ਆਪਣਾ ਇਸ਼ਟ, ਆਪਣਾ ਵਿਦਿਆਲਯ ਭਾਵ ਕਿ ਸਭ ਕੁਝ ਹੀ ਬਣਾ ਲਿਆ । ਚੌਵੀ ਸਾਲ ਨਿਰੰਤਰ ਲੰਗਰ ਦੀ, ਜੋੜਿਆਂ ਦੀ, ਯਾਤਰੂਆਂ ਨੂੰ ਬਿਸਤਰੇ ਦੇਣ ਦੀ, ਭਾਂਡੇ ਮਾਂਜਣ ਦੀ ਨਿਸ਼ਕਾਮ ਸੇਵਾ ਕੀਤੀ । ਬਾਣੀ ਤਾਂ ਹਰ ਵੇਲੇ ਕੰਨਾਂ ਵਿੱਚ ਪੈਂਦੀ ਰਹਿੰਦੀ ਸੀ । ਹੇਠ ਲਿਖੇ ਸ਼ਬਦਾਂ ਨੇ ਭਗਤ ਜੀ



ਦੀ ਜ਼ਿੰਦਗੀ 'ਤੇ ਜਾਦੂ ਵਰਗਾ ਅਸਰ ਕੀਤਾ :-

**ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥**
**ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥**
**ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥**
**ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥**

(ਅੰਗ ੪੬੬)

ਭਗਤ ਜੀ ਆਪਣੀ ਰਚਨਾ ਵਿੱਚ ਆਪਣੇ ਬਾਰੇ ਸਪੱਸ਼ਟ ਸ਼ਬਦਾਂ ਵਿੱਚ ਆਪਣੀ ਬਾਲ-ਬੋਧ ਦੀ ਆਯੂ ਤੋਂ ਗੱਭਰੂ ਉਮਰ ਹੋਣ ਤਕ ਦੇ ਸਮੇਂ ਨੂੰ 'ਧਰਾਸ ਤੇ ਵਿਕਾਸ' ਪੁਸਤਕ ਵਿਚ ਇੰਵ ਚਿਤਰਦੇ ਹਨ। ...."ਲਾਹੌਰ ਸ਼ਹਿਰ ਸੰਨ ੧੯੪੭ ਦੀ ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਦੇ ੨੯ ਜ਼ਿਲ੍ਹਿਆਂ ਦੀ ਰਾਜਧਾਨੀ ਦਾ ਸ਼ਹਿਰ ਸੀ ।... ... ...ਲਾਵਾਰਸ ਬਿਮਾਰ ਹੁੰਦੇ ਸਨ, ਲਾਵਾਰਸ ਅਪਾਹਿਜ ਹੁੰਦੇ ਸਨ, ਜਿਨ੍ਹਾਂ ਨੂੰ ਹਸਪਤਾਲ ਨੂੰ ਪਹੁੰਚਾਉਣਾ, ਉਹਨਾਂ ਦਾ ਇਲਾਜ ਕਰਵਾਉਣਾ ਤੇ ਉਹਨਾਂ ਨੂੰ ਸੰਭਾਲਣ ਦਾ ਕੰਮ ਹੁੰਦਾ ਸੀ । ਅਜਿਹੇ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ ਕਰਨ ਦਾ ਅਵਸਰ ਮੈਨੂੰ ਮਿਲਦਾ ਰਹਿੰਦਾ ਸੀ । ਗ਼ਰੀਬ ਲੋਕਾਂ ਨੂੰ ਰੇਲ ਦੇ ਸਫ਼ਰ ਲਈ ਕਿਰਾਏ ਦਿਵਾਉਣਾ, ਗ਼ਰੀਬ ਵਿਦਿਆਰਥੀਆਂ ਲਈ ਪੜ੍ਹਾਈ ਦਾ ਖ਼ਰਚਾ ਦਿਵਾਉਣਾ, ਸ਼ਹਿਰ ਦੀਆਂ ਸੜਕਾਂ ਦੀਆਂ ਧਰਤੀ ਵਿੱਚ ਵਗਣ ਵਾਲੀਆਂ ਨਾਲੀਆਂ ਦੇ ਸੁਰਾਖ਼ਾਂ ਤੋਂ ਚੁਰਾਏ ਗਏ ਜਾਂ ਟੁੱਟੇ ਢੱਕਣਾਂ ਦੇ ਕਾਰਨ ਲੋਕਾਂ ਨੂੰ ਉਹਨਾਂ ਸੁਰਾਖਾਂ ਵਿੱਚ ਡਿੱਗਣ ਤੋਂ ਬਚਾਉਣ ਲਈ ਉਸ ਸਮੇਂ ਤਕ ਪਹਿਰਾ ਦੇਣਾ ਜਦ ਤਕ ਨਵੇਂ ਢੱਕਣ ਨਾ ਰੱਖੇ ਜਾਣ ਤੇ ਉਹਨਾਂ ਦੇ ਆਲੇ-ਦੁਆਲੇ ਇੱਟਾਂ ਚਿਣਨਾਂ, ਮਿਉਂਸਿਪਲ ਕਮੇਟੀ ਦੇ ਦਫ਼ਤਰ ਜਾ ਕੇ ਇੰਜੀਨੀਅਰ ਨੂੰ ਉਹਨਾਂ ਬਾਰੇ ਇਤਲਾਹ ਦੇਣਾ, ਅਜਿਹੇ ਕੰਮ ਸਨ ਜਿਨ੍ਹਾਂ ਵਿੱਚ ਮੇਰਾ ਮਨ ਲੱਗਾ ਰਹਿੰਦਾ ਸੀ । ਪਰ ਮੇਰੇ ਮਨ ਨੂੰ ਸਭ ਤੋਂ ਵੱਧ ਮਸਤੀ ਨਾਲ ਰੁਝਾਅ ਕੇ ਰੱਖਣ ਵਾਲਾ ਕੰਮ ਲਾਇਬ੍ਰੇਰੀਆਂ ਵਿੱਚ ਜਾ ਕੇ ਅਖ਼ਬਾਰਾਂ, ਸਪਤਾਹਿਕ ਤੇ ਮਾਸਿਕ-ਪੱਤਰਾਂ ਅਤੇ ਪੁਸਤਕਾਂ ਨੂੰ ਪੜ੍ਹਨਾ ਹੁੰਦਾ ਸੀ ਜਿਹੜੇ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਉਰਦੂ ਚਾਰ ਜ਼ੁਬਾਨਾਂ ਵਿੱਚ ਹੁੰਦੇ ਸਨ।"

ਪੁਸਤਕ-'ਧਰਾਸ ਤੇ ਵਿਕਾਸ' ਵਿੱਚੋਂ ਪੰਨਾ ੩੪

ਭਲੇ ਸੰਸਕਾਰਾਂ ਦੀ ਸੁੰਦਰਤਾ, ਪ੍ਰੇਮ ਦੀ ਸੁਗੰਧ ਹੁੰਦੀ ਹੈ । ਭਗਤ ਪੂਰਨ ਸਿੰਘ ਜੀ ਪ੍ਰੇਮ ਦੀ ਸੁਗੰਧ ਸਨ । ਨਿਮਰਤਾ, ਨਿਰਮਲਤਾ, ਨਿਸ਼ਕਾਮ-ਭਾਵਨਾ ਦੀ ਅਥਾਹ ਕਿਰਤ ਨੂੰ ਭਗਤ ਜੀ ਨੇ ਆਪਣੇ ਅੰਦਰਲੀ ਸ਼ਰਧਾਲੂ ਤੇ ਸਨਾਤਨੀ ਭਾਵ-ਧਾਰਾ ਅਧੀਨ ਸਵੀਕਾਰ ਕਰਦਿਆਂ ਸੇਵਾ-ਭਾਵ ਨੂੰ ਪ੍ਰਮੁੱਖਤਾ ਦਿੱਤੀ । ਭਗਤ ਜੀ ਦਾ ਸ਼ਰਧਾਲੂ ਸੰਕਲਪ ਸਨਾਤਨੀ ਵਿਰਸੇ ਦੀ ਵਿਰਾਸਤ ਅਤੇ ਵਿਸ਼ਾਲਤਾ ਨੂੰ ਜਿਸ ਸਹਿਜ-ਭਾਵ ਨਾਲ ਪ੍ਰਸਾਰਿਤ ਤੇ ਪ੍ਰਚਾਰਿਤ ਕਰਦਾ ਰਿਹਾ ਉਹ ਰਿਸ਼ੀਆਂ, ਮੁਨੀਆਂ, ਦਰਵੇਸ਼ਾਂ, ਫ਼ਕੀਰਾਂ, ਗੁਰਸਿੱਖਾਂ, ਸਾਧਕਾਂ, ਵੈਰਾਗੀਆਂ, ਸੰਤਾਂ ਨਿਰਮਲਿਆਂ, ਉਦਾਸੀਆਂ, ਯੋਗੀਆਂ, ਸੇਵਾ-ਪੰਥੀਆਂ, ਸਮਾਜਿਕ ਸੇਵਾਦਾਰਾਂ ਦੇ ਨਾਲ-ਨਾਲ, ਸਮਾਜਿਕ ਪਥ-ਪ੍ਰਦਰਸ਼ਨ ਵੀ ਬਣਿਆ ਹੋਇਆ ਹੈ । ਵਿਅਕਤੀ ਦੀ ਵਿਸ਼ਾਲਤਾ ਵਿੱਚੋਂ ਹੀ ਪਰਮ ਇਤਿਹਾਸ ਦੇ ਪਰਮਾਰਥਿਕ ਪੰਨੇ ਜਨਮਦੇ ਹਨ । ਭਗਤ ਜੀ ਪਰਮਾਰਥਿਕ ਇਤਿਹਾਸ ਦੀ ਸਿਰਜਣਾ ਕਰਦੇ ਰਹੇ; ਪਰ ਇਸ ਦੇ ਉਲਟ ਕਈ ਵਿਅਕਤੀ ਏਨੇ ਨਿਜਵਾਦੀ ਬਣ ਜਾਂਦੇ ਹਨ ਕਿ ਉਹ ਸਮਾਜਿਕ ਰਹਿਤ-ਮਰਯਾਦਾ ਨੂੰ ਕਲੰਕਿਤ ਕਰਦੇ ਰਹਿੰਦੇ ਹਨ । ਵਿਸ਼ਵ ਪੱਧਰ ਉੱਤੇ ਹਿਟਲਰ, ਮੁਸਲੋਨੀ ਅਤੇ ਟਰੂਯਮੈਨ ਆਦਿ ਨੂੰ ਵੀ ਇਸ ਸ਼੍ਰੇਣੀ ਵਿੱਚ ਲਿਆਂਦਾ ਜਾ ਸਕਦਾ ਹੈ। ਇਸ ਪ੍ਰਕਾਰ ਦੇ ਵਿਅਕਤੀਆਂ ਦੇ ਸੰਸਕਾਰਾਂ ਵਿੱਚ ਹੁਉਮੈਂ ਹੁੰਦੀ ਹੈ ।

ਜ਼ਿੰਦਗੀ, ਕੁਦਰਤ ਦੀ ਕਰਾਮਾਤੀ ਦੇਣ ਹੁੰਦੀ ਹੈ । ਜ਼ਿੰਦਗੀ ਲਈ, ਮੌਤ, ਕਸ਼ਟ, ਦੁੱਖ, ਵਿਨਾਸ਼, ਜ਼ਖ਼ਮ, ਪੀੜਾ, ਮੁਸ਼ਕਲ ਅਤੇ ਔਕੜ ਆਦਿ ਵਰਗੀਆਂ ਮਾਰੂ ਵਸਤਾਂ ਨੂੰ ਪੈਦਾ ਕਰਨਾ ਆਦਮੀ ਦੇ ਅਧਿਕਾਰ-ਖੇਤਰ 'ਚ ਨਹੀਂ ਹੋਣਾ ਚਾਹੀਦਾ । ਇਹੀ ਕਾਰਨ ਹੈ ਕਿ ਇਨ੍ਹਾਂ ਮੰਦੀਆਂ ਤੇ ਮਾੜੀਆਂ ਵਸਤਾਂ ਉੱਤੇ ਕੁਦਰਤ ਦੀ ਥਾਵੇਂ ਜਿਉਂ-ਜਿਉਂ ਆਦਮੀ ਕਾਬਜ਼ ਹੁੰਦਾ ਜਾਂਦਾ ਹੈ ਤਿਉਂ-ਤਿਉਂ ਸਮਾਜਿਕ ਊਣਤਾਈਆਂ ਵਧ ਰਹੀਆਂ ਹਨ । ਬੇਵਿਉਂਤ ਹੋਈ ਜ਼ਿੰਦਗੀ ਨੂੰ ਭਗਤ ਪੂਰਨ ਸਿੰਘ ਹੋਰਾਂ ਦੇ ਸੰਕਲਪ, ਸੰਸਕਾਰਾਂ ਅਤੇ ਸੁਭਾਅ ਨੇ ਜਿਸ ਸ਼ਿੱਦਤ ਨਾਲ ਮਹਿਸੂਸ ਕੀਤਾ, ਇਹ ਉਸ ਅਹਿਸਾਸ ਦਾ ਕ੍ਰਿਸ਼ਮਾ ਹੀ ਹੈ ਕਿ ਸੇਵਾ-ਭਾਵ ਵਰਗੀ ਕਾਰਜ-ਪ੍ਰਣਾਲੀ ਵਿੱਚੋਂ 'ਪਿੰਗਲਵਾੜੇ' ਵਰਗੀ ਸਵੈ-ਸੇਵੀ ਸੰਸਥਾ ਨੇ ਜਨਮ ਲਿਆ ।

ਭਗਤ ਪੂਰਨ ਸਿੰਘ ਜੀ ਸੁਚੱਜੀ, ਸਾਊ ਤੇ ਸਾਦਾ ਸ਼ਖ਼ਸੀਅਤ ਦੇ ਨਾਲ-ਨਾਲ ਸਹਿਜ ਤੇ ਸਰਲ ਸੰਦੇਸ਼ ਦਾ ਅਜਿਹਾ ਸਰੂਪ ਸਨ ਜਿਸ



ਨੂੰ ਇਹ ਸਾਰੀ ਹੋਂਦ, ਅਗੰਮ ਦਾ ਸਾਕਾਰ ਰੂਪ ਜਾਪਦੀ ਸੀ । ਇਹ ਆਖਿਆ ਜਾ ਸਕਦਾ ਹੈ ਕਿ ਭਗਤ ਜੀ ਲਾਵਾਰਸ ਜ਼ਿੰਦਗੀ ਦੇ ਵਾਰਸ ਸਨ । 'ਪਿੰਗਲਵਾੜਾ' ਉਹਨਾਂ ਦੀ ਹਾਰਦਿਕ ਵਸੀਅਤ ਵਾਂਙ ਹੈ । ਜੀਵਨ ਧਾਰਾ ਵਿਚਲੀਆਂ, ਸੂਖਮ ਤੋਂ ਸਥੂਲ ਅਤੇ ਸਥੂਲ ਤੋਂ ਸੂਖਮ ਖ਼ੂਬੀਆਂ ਪ੍ਰਤੀ ਭਗਤ ਜੀ ਦੀ ਵਿੱਦਿਆ ਦ੍ਰਿਸ਼ਟੀ, ਸੰਸਾਰਿਕ ਵਿਵਹਾਰ ਦੀ ਅਨੈਤਿਕਤਾ ਨੂੰ ਮਹਿਸੂਸ ਕਰਦੀ ਹੋਈ, ਸਾਤਵਿਕ ਸੰਸਾਰ ਦੀ ਸਿਰਜਣਾ ਲਈ ਹਰਦਮ ਤਤਪਰ ਰਹਿੰਦੀ ਰਹੀ । ਅਜਿਹੀ ਪਿਆਰੀ ਹੋਂਦ ਦਾ ਸੁਨੇਹਾ, ਸੰਸਾਰਿਕ ਭੀੜ ਦੇ ਰੌਲੇ ਵਿੱਚ ਥੋੜ੍ਹੇ ਸਮੇਂ ਲਈ ਅਣਡਿੱਠ ਹੋ ਸਕਦਾ ਹੈ, ਪਰ ਉਹਨਾਂ ਦੇ ਉਦੇਸ਼ ਦਾ ਕਾਰਜ ਕ੍ਰਿਆਤਮਕ ਵਿਸ਼ਵਾਸ ਦਾ ਹੇਤੂ ਬਣਿਆ ਰਹੇਗਾ ।

ਜ਼ਿੰਦਗੀ ਦੇ ਸੁਭਾਅ ਦੀ ਕਠੋਰਤਾ ਨੂੰ ਭਗਤ ਜੀ ਨੇ ਨੀਲ-ਕੰਠ ਵਾਂਗ ਪੀਤਾ। ਉਹਨਾਂ ਨੇ ਆਪ ਜ਼ਹਿਰ ਪੀਤੀ ਤੇ ਸਮਾਜ ਨੂੰ ਅੰਮ੍ਰਿਤ ਦਿੱਤਾ । ਇਸ ਪ੍ਰਵਿਰਤੀ ਅਤੇ ਧਾਰਨਾ ਪਿੱਛੇ ਨਿਰਸੰਦੇਹ ਉਹਨਾਂ ਦੀ ਮਾਤਾ ਜੀ ਦਾ ਯੋਗਦਾਨ ਰਿਹਾ ਹੈ, ਪਰ ਭਗਤ ਜੀ ਦੀ ਨਿਮਰਤਾ ਵਿੱਚ ਜਿਹੜੀ ਦ੍ਰਿੜ੍ਹਤਾ ਸੀ ਉਸ ਦੀ ਕਰਾਮਤੀ ਕਲਾ ਵਿੱਚੋਂ 'ਪਿੰਗਲਵਾੜਾ' ਅੰਮ੍ਰਿਤਸਰ ਵਰਗੀ ਅਦੁੱਤੀ ਸੰਸਥਾ ਨੇ ਜਨਮ ਲਿਆ । ਜੇਕਰ ਗੰਭੀਰਤਾ ਨਾਲ ਵੇਖਿਆ ਜਾਵੇ ਤਾਂ ਪਤਾ ਲੱਗੇਗਾ ਕਿ ਭਗਤ ਪੂਰਨ ਸਿੰਘ ਇਕ ਮਹਾਨ ਸ਼ਖ਼ਸੀਅਤ ਹੋਣ ਦੇ ਨਾਲ-ਨਾਲ ਆਪ ਇਕ ਵਿਸ਼ਾਲ ਗੰਭੀਰ, ਨਿਰਮਲ, ਸਵੱਛ ਅਤੇ ਸਾਦਾ ਜਿਹੀ ਤੁਰਦੀ ਫਿਰਦੀ ਸੰਸਥਾ ਵਾਂਗ ਹੀ ਸਨ ।

ਜ਼ਿੰਦਗੀ ਦਾ ਆਰੰਭ ਜ਼ਿੰਦਗੀ ਵਾਂਗ ਹੁੰਦਾ ਹੈ । ਸਮਾਜ ਵਿਚਲੀਆਂ ਔਕੜਾਂ, ਮੁਸੀਬਤਾਂ, ਮੌਜ-ਮਸਤੀਆਂ, ਰੁਕਾਵਟਾਂ ਅਤੇ ਬਰਕਤਾਂ ਦੇ ਰੂਪ ਵੱਖੋ ਵੱਖਰੇ ਹੋ ਸਕਦੇ ਹਨ । ਭਗਤ ਪੂਰਨ ਸਿੰਘ ਜੀ ਦਾ ਜਨਮ, ਬਚਪਨ ਅਤੇ ਬਾਲ-ਅਵਸਥਾ ਕਿਵੇਂ ਅਤੇ ਕਿਨ੍ਹਾਂ ਸਥਿਤੀਆਂ ਵਿੱਚ ਫਸੀ ਰਹੀ ਇਸ ਦੇ ਵਿਸਥਾਰ ਵਿੱਚ ਜਾਣ ਦੀ ਬਹੁਤੀ ਲੋੜ ਨਹੀਂ, ਕਿਉਂਕਿ ਇਹ ਅਲੌਕਿਕ ਕਹਾਣੀ ਵਾਂਗ ਹੈ । ਇਸ ਪ੍ਰਸ਼ਨ ਲਈ ਖੋਜਣ ਦੀ ਲੋੜ ਨਹੀਂ, ਲੋੜ ਤਾਂ ਉਹਨਾਂ ਦੇ ਉਸ ਆਨੰਦਮਈ ਵੈਰਾਗ ਦੀ ਵਾਕਫ਼ੀਅਤ ਕਰਨ ਦੀ ਹੈ ਜਿਸ ਦੀ ਯਾਤਰਾ ਨਿਆਸਰੇ ਦੁਆਰਾ ਨਿਆਸਰਿਆਂ ਨੂੰ ਆਸਰਾ ਬਖ਼ਸ਼ਦੀ ਰਹੀ ।

ਤੁੱਛ ਜਿਹੇ ਵਸੀਲਿਆਂ ਨਾਲ ਭਗਤ ਜੀ ਨੇ ਆਪਣੇ ਮਾਨਵਵਾਦੀ ਵਰਤਾਰੇ ਤੇ ਵਿਵਹਾਰ ਸਦਕਾ, ਅਪੂਰਣ ਨੂੰ ਪੂਰਣ ਦੀ ਪ੍ਰਤਿੱਗਿਆ ਦਾ

ਪਾਲਣ ਕੀਤਾ, ਇੰਵ ਆਖਿਆ ਜਾ ਸਕਦਾ ਹੈ ਕਿ ਭਗਤ ਪੂਰਨ ਸਿੰਘ ਜੀ ਇਕ ਧਰੁੱਵ ਸਨ । ਧਰੁੱਵ ਦੀ ਅਟੁੱਟ ਧਾਰਾ ਭਗਤ ਜੀ ਦੇ ਸਿਦਕ ਨੂੰ ਅਟੁੱਟ ਬਣਾਉਂਦੀ ਹੈ । ਪ੍ਰਹਿਲਾਦ ਦੀ ਭਾਵਨਾ ਨੂੰ ਭਗਤ ਬਣਾਉਂਦੀ ਹੈ ਤੇ ਪੂਰਨ ਸਿੱਖੀ ਦਾ ਸੰਕਲਪ ਉਹਨਾਂ ਨੂੰ ਸੁੱਚ ਬਖ਼ਸ਼ਦਾ ਹੈ ।

## ਸਵੈ-ਕਥਨ...

ਸੇਵਾ ਦੇ ਧਰੁੱਵ-ਤਾਰੇ ਭਗਤ ਪੂਰਨ ਸਿੰਘ ਜੀ ਆਪਣੇ ਜਨਮ ਤੇ ਕਰਮ ਬਾਰੇ ਜੋ ਕੁਝ ਲਿਖਦੇ ਹਨ ਉਹ ਉੱਤਮ ਹੋ ਕੇ ਵੀ ਸਰਵੋਤਮ ਨਹੀਂ। ਉਹਨਾਂ ਦੇ ਇਹ ਕਥਨ ਭੌਤਿਕ ਹਨ, ਸੰਸਾਰਿਕ ਹਨ । ਭਗਤ ਜੀ ਤਾਂ ਇਕ ਅਜਿਹੀ ਜਾਗ੍ਰਿਤ-ਚੇਤਨਾ ਦਾ ਸ਼ੁੱਧ ਸਰੂਪ ਸਨ ਜਿਨ੍ਹਾਂ ਦੇ ਜੀਵਨ ਦੀਆਂ ਕਸ਼ਟਮਈ ਕਹਾਣੀਆਂ ਉਹਨਾਂ ਦੀ ਤਪੱਸਿਆ ਨੂੰ ਸਿੱਧੀ ਪ੍ਰਦਾਨ ਕਰਦੀਆਂ ਹਨ । ਭਗਤ ਜੀ ਤਪੱਸਿਆ ਕਰਦੇ-ਕਰਦੇ ਅਜਿਹੇ ਸਿੱਧ ਪੁਰਸ਼ ਬਣ ਗਏ ਕਿ ਉਹਨਾਂ ਲਈ ਮਨੁੱਖਤਾ ਅਤੇ ਮਾਨਵਤਾ ਹੀ ਧਰਮ ਬਣਦਾ ਗਿਆ । ਦੁਖੀ ਦੇ ਦੁੱਖ ਨੂੰ ਦੂਰ ਕਰਨ ਦੀ ਭਾਵਨਾ ਦੀ ਇਸ ਮੂਰਤੀ ਨੂੰ ਅਸੀਂ ਮਨੁੱਖ ਦੀ ਥਾਵੇਂ ਸਰਬੱਤ ਦਾ ਸ਼੍ਰੋਮਣੀ ਸੇਵਾਦਾਰ ਆਖ ਸਕਦੇ ਹਾਂ ।

ਨਿਰਸੰਦੇਹ ਸੇਵਾ-ਭਾਵ ਦੇ ਸੰਸਕਾਰ ਭਗਤ ਜੀ ਨੇ ਆਪਣੀ ਮਾਂ ਪਾਸੋਂ ਗ੍ਰਹਿਣ ਕੀਤੇ, ਪਰ ਉਹ ਤਾਂ ਆਪ ਵੀ ਇਕ ਮਹਾਨ ਮਾਂ ਬਣਕੇ ਜਿਉਂਦੇ ਰਹੇ । ਮਨੁੱਖਤਾ ਲਈ ਮਮਤਾ ਦੀ ਸੁਖਮਤਾ ਭਗਤ ਜੀ ਦੀ ਪ੍ਰੇਮ-ਭਾਵਨਾ ਦਾ ਸਾਕਾਰ ਸਰੂਪ ਬਣੀ ਰਹੀ । ਜਿਉਂ-ਜਿਉਂ ਅਸੀਂ ਉਹਨਾਂ ਦੇ ਤਿਆਗ, ਤਪ, ਦਇਆ, ਦਾਨ ਅਤੇ ਦਾਨਸ਼ਮੰਦੀ ਬਾਰੇ ਜਾਣੂ ਹੁੰਦੇ ਹਾਂ ਤਿਉਂ ਤਿਉਂ ਇੰਵ ਮਹਿਸੂਸ ਹੁੰਦਾ ਹੈ ਜਿਵੇਂ ਭਗਤ ਜੀ ਪੰਜ ਭੌਤਿਕ ਤੱਤਾਂ ਵਾਲੇ ਮਨੁੱਖ ਦੀ ਥਾਵੇਂ ਸੇਵਾ ਤੇ ਸਿਦਕ ਦਾ ਸ਼ੁੱਧ ਸਰੂਪ ਬਣ ਗਏ ਹੋਣ ।

ਭਗਤ ਜੀ ਦੀ ਜ਼ਿੰਦਗੀ ਦਾ ਜਦੋਂ ਅਸੀਂ ਜ਼ਿੰਦਗੀ ਵਜੋਂ ਅਧਿਐਨ ਕਰਦੇ ਹਾਂ ਤਦ ਸਾਨੂੰ ਉਹਨਾਂ ਦੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਵਾਲੀ ਦਿਵਯ ਦ੍ਰਿਸ਼ਟੀ ਦਾ ਗਿਆਨ ਹੁੰਦਾ ਹੈ । ਭਗਤ ਜੀ ਕੌੜੇ ਬੋਲਾਂ ਨੂੰ ਵੀ ਸੇਵਾ ਦੀ ਅਮਾਨਤ ਵਾਂਗ ਸਵੀਕਾਰ ਕਰਦੇ ਸਨ । ਪਾਣੀ ਵਰਗਾ ਸੁਭਾਅ ਸੀ ਭਗਤ ਪੂਰਨ ਸਿੰਘ ਜੀ ਦਾ । ਪਾਣੀ ਨੂੰ ਕਿੰਨਾ ਕੁੱਟੀ ਜਾਓ, ਪਾਣੀ ਪਾਣੀ ਹੀ ਰਹਿੰਦਾ ਹੈ । ਭਗਤ ਜੀ ਦੁੱਖ ਸਹਿੰਦੇ ਰਹੇ ਪਾਣੀ ਹੀ ਬਣੇ ਰਹੇ । ਪੂਰਨ ਸਿੰਘ ਜੀ ਜ਼ਿੰਦਗੀ ਭਰ ਪਾਣੀ ਬਣੇ ਰਹੇ ਤੇ ਸੇਵਾ ਦੀ ਨਦੀ ਬਣ ਕੇ ਵਹਿੰਦੇ



ਰਹੇ । ਇਸ ਪ੍ਰਕਰਣ ਦੀ ਪ੍ਰਮਾਣਿਕਤਾ ਵਾਸਤੇ ਹੇਠ ਲਿਖੇ ਪ੍ਰਮਾਣ ਕਿੰਨੇ ਦ੍ਰਿੜ੍ਹ ਹਨ ।

Persona Service must be rendered to the defective the sick and poor.

Book Hints for self-cuture

By Lala Hardayal M.A.Ph.D

"ਇਹਨਾਂ ਸ਼ਬਦਾਂ ਨੂੰ ਪੜ੍ਹ ਕੇ ਮੈਂ ਰੱਬ ਦਾ ਲੱਖ-ਲੱਖ ਸ਼ੁਕਰ ਕਰਿਆ ਕਰਦਾ ਹਾਂ । ਮੈਂ ਆਪਣਾ ਸਾਰਾ ਜੀਵਨ ਬੇਆਸਰੇ ਅਪਾਹਿਜਾਂ ਦੀ ਸੇਵਾ ਵਿੱਚ ਗੁਜ਼ਾਰਿਆ ਹੈ ਤੇ ਲੂਲ੍ਹੇ ਦੀ ਸੇਵਾ ਕਰਦੇ ਨੂੰ ਮੈਨੂੰ ਪੰਜਾਹਵਾਂ ਸਾਲ ਜਾ ਰਿਹਾ ਹੈ । ਵਾਹਿਗੁਰੂ ਨੇ ਮੈਨੂੰ ਸਰੀਰ ਦੀ ਪੂੰਜੀ ਬਹੁਤ ਵਧੀਆ ਦਿੱਤੀ ਸੀ। ਮੈਂ ਨਿੱਗਰ ਸਰੀਰਾਂ ਵਾਲੇ ਮਾਂ ਬਾਪ ਤੋਂ ਜਨਮ ਲਿਆ ਤੇ ਦੁੱਧ ਘਿਉ ਜੈਸੇ ਪਦਾਰਥਾਂ ਨੂੰ ਰੱਜ ਕੇ ਵਰਤਦਾ ਹੋਇਆ ਪਿੰਡਾਂ ਦੀ ਧੁੱਪ ਹਵਾ ਵਿੱਚ ਪਲਿਆ। ਰੱਬ ਨੇ ਬੁੱਧੀ ਬਹੁਤ ਵਧੀਆ ਦਿੱਤੀ ਸੀ । ਮਾਂ ਨੇ ਸੰਤਾਂ, ਭਗਤਾਂ ਵਿਦਵਾਨਾਂ ਪਾਸੋਂ ਤੇ ਆਪਣੀ ਜ਼ਬਾਨ ਨਾਲ ਮੇਰੇ ਹਿਰਦੇ ਵਿੱਚ ਪ੍ਰਾਣੀ-ਮਾਤਰ ਦੇ ਪ੍ਰਬਲ ਸੰਸਕਾਰ ਪਾਏ ਸਨ । ਉਹਨਾਂ ਸੰਸਕਾਰਾਂ ਦੀ ਪ੍ਰਫੁੱਲਿਤਾ ਲਈ ਮੈਨੂੰ ਗੁਰਦੁਆਰਾ ਡੇਹਰਾ ਸਾਹਿਬ ਦਾ ਕਾਰਜ ਪ੍ਰਾਪਤ ਹੋ ਗਿਆ, ਜਿਸ ਦੇ ਸੇਵਾ ਤੇ ਬਾਣੀ ਦੇ ਵਾਤਾਵਰਣ ਵਾਲੇ ਕਾਰਜ ਖੇਤਰ ਵਿੱਚ ਮੇਰੇ ਜੀਵਨ ਦਾ ਵਿਕਾਸ ਹੋਇਆ ਤੇ ਮੈਂ ਉਹ ਕੁਝ ਬਣਿਆ ਜੋ ਕੁਝ ਮੈਂ ਕਿਆਸੀ ਸਾਲਾਂ ਦੀ ਉਮਰ ਵਿੱਚ ਅੱਜ ੧੯-੩-੮੪ ਵਾਲੇ ਦਿਨ ਹਾਂ ।"

'ਮੇਰੇ ਜੀਵਨ ਦੀਆਂ ਬੇਆਸਰੇ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ-ਸੰਭਾਲ ਦੀਆਂ ਤੇ ਕੁਝ ਹੋਰ ਕਹਾਣੀਆਂ ਵਿੱਚੋਂ।' ਪੰਨਾ ੧੪੦

ਭਗਤ ਜੀ ਦੀ ਸਮੁੱਚੀ ਜ਼ਿੰਦਗੀ ਨਦੀ ਦੇ ਪ੍ਰਵਾਹ ਵਾਂਗ ਰਹੀ । ਉਹਨਾਂ ਵਾਸਤੇ ਜ਼ਿੰਦਗੀ ਦਾ ਹਰ ਪਲ ਪੂਜਨੀਕ ਹੁੰਦਾ ਸੀ । ਉਹ ਇਹਨਾਂ ਪੂਜਨੀਕ ਪਲਾਂ ਦੀ ਅਰਾਧਨਾ ਕਰਦੇ ਰਹਿੰਦੇ ਸਨ । ਭਗਤ ਜੀ ਦੀ ਪਿਆਰਾ ਸਿੰਘ ਨਾਲ ਲੱਗੀ ਲਿਵ ਇਕ ਅਰਾਧਨਾ ਨਹੀਂ ਤਾਂ ਹੋਰ ਕੀ ਸੀ? ਭਗਤ ਜੀ ਜਿਸ ਦੇ ਸੰਪਰਕ ਵਿੱਚ ਆਏ ਉਹ ਭਗਤ ਜੀ ਦਾ ਬਣ ਬੈਠਾ । ਪ੍ਰਾਣੀ-ਮਾਤਰ ਨੂੰ ਸੁਚੇਤ ਕਰਕੇ ਉਸਦੀ ਚਿੰਤਾ ਦਾ ਨਿਵਾਰਣ ਕਰਨਾ ਭਗਤ ਜੀ ਦਾ ਪ੍ਰਣ ਬਣਦਾ ਰਿਹਾ । ਉਹਨਾਂ ਨੇ ਆਪਣੇ ਇਸ ਪ੍ਰਣ ਦੀ ਪੂਰਤੀ ਲਈ ਇਸ

ਧਰਤੀ ਉੱਤੇ ਰਹਿ ਕੇ ਜਿਹੜੇ ਕਲਿਆਣਕਾਰੀ ਪ੍ਰਯੋਗ ਕੀਤੇ, ਉਹ ਅੱਜ ਵੀ ਮਨੁੱਖ-ਮਾਤਰ ਦਾ ਪਥ-ਪ੍ਰਦਰਸ਼ਨ ਕਰਦੇ ਹਨ । ਭਗਤ ਪੂਰਨ ਸਿੰਘ ਜੀ ਦੀ ਭਾਵ-ਧਾਰਾ ਸੰਸਾਰਿਕ ਵਿਧੀਆਂ ਨੂੰ ਅਪਣਾਉਂਦੀ ਹੋਈ ਵਿਸ਼ੇਸ਼ ਕਿਸਮ ਦੇ ਪਰਮ-ਤੱਤ ਤਕ ਪੁੱਜ ਜਾਂਦੀ ਸੀ । ਉਹਨਾਂ ਦੁਆਰਾ ਕੀਤੀ ਸੇਵਾ ਵੀ ਪਰਮ-ਤੱਤ ਦਾ ਪ੍ਰਮਾਣ ਬਣਦੀ ਰਹੀ। ਨਿਮਰਤਾ ਤੇ ਨਿਰਮਲ ਧੁਨੀ ਦਾ ਕਾਰਨ ਭਗਤ ਜੀ ਦੇ ਜੀਵਨ ਦੀ ਮੁੱਢਲੀ ਸਾਧਨਾ, ਸਿਦਕ ਤੇ ਸਪੱਸ਼ਟਤਾ ਸੀ । ਭਗਤ ਜੀ ਦੀ ਮਾਨਸਿਕ ਉਸਾਰੀ ਵਿੱਚ ਬੁੱਧ-ਪੁਰਸ਼ਾਂ ਦੇ ਕਥਨ ਅਤੇ ਕਰਮ ਸ਼ਾਮਲ ਹੁੰਦੇ ਰਹੇ ।

ਮਹਾਤਮਾ ਬੁੱਧ ਦਾ ਕਥਨ ਹੈ—"ਜੇ ਮੇਰਾ ਵੱਸ ਚਲੇ ਤਾਂ ਮੈਂ ਕਿਸੇ ਬੱਚੇ ਦੇ ਹੰਝੂ ਨਾ ਵਗਣ ਦਿਆਂ ।" ਕਹਾਣੀਆਂ ਭਾਗ ਪਹਿਲਾ ਪੰਨਾ ੯੪

ਇਸ ਪ੍ਰਕਾਰ ਦੇ ਕਠਿਨ ਕੰਮਾਂ ਨੂੰ ਭਗਤ ਜੀ ਨੇ ਸਵੀਕਾਰ ਹੀ ਨਾ ਕੀਤਾ ਸਗੋਂ ਆਪਣੇ ਸੰਸਕਾਰਾਂ ਦਾ ਹਿੱਸਾ ਬਣਾ ਲਿਆ । ਇਸ ਪ੍ਰਕਾਰ ਦੇ ਸੰਵੇਦਨਸ਼ੀਲ ਵਿਚਾਰਾਂ ਵਿੱਚੋਂ ਜਨਮੇ ਸੇਵਾ-ਭਾਵ ਦੇ ਕਾਰਜ ਨੂੰ ਅਸੀਂ ਭਗਤੀ ਆਖ ਸਕਦੇ ਹਾਂ ।

"ਡੰਗਰਾਂ ਨੂੰ ਪਾਣੀ ਪੀਂਦੇ ਦੇਖ ਕੇ ਮੈਂ ਬੜੀ ਖੁਸ਼ੀ ਮਹਿਸੂਸ ਕਰਦਾ ਹੁੰਦਾ ਸੀ । ਇਸ ਤਰ੍ਹਾਂ ਮੇਰੇ ਹਿਰਦੇ ਵਿੱਚ ਪਸ਼ੂਆਂ ਲਈ ਭਾਰਾ ਪਿਆਰ ਸਤਿਕਾਰ ਪੈਦਾ ਹੁੰਦਾ ਰਹਿੰਦਾ ਸੀ । ਮੇਰੀ ਮਾਂ ਟੋਕਰੀ ਵਿੱਚ ਚੀਣੇ ਦੇ ਦਾਣੇ ਪਾ ਕੇ ਮੈਨੂੰ ਚੁਬਾਰੇ ਦੀ ਛੱਤ 'ਤੇ ਭੇਜਦੀ ਹੁੰਦੀ ਸੀ ਜਿੱਥੇ ਮੈਂ ਉਹ ਦਾਣੇ ਖਿਲਾਰਦਾ ਹੁੰਦਾ ਸਾਂ । ਚਿੜੀਆਂ, ਗਟਾਰਾਂ, ਕਬੂਤਰ ਤੇ ਕਾਂ ਉਹਨਾਂ ਦਾਣਿਆਂ ਨੂੰ ਚੁਗਦੇ ਹੁੰਦੇ ਸਨ । ਜਾਨਵਰਾਂ ਨੂੰ ਦਾਣੇ ਚੁਗਦਿਆਂ ਦੇਖ ਕੇ ਮੇਰੇ ਮਨ ਨੂੰ ਪ੍ਰਸੰਨਤਾ ਹੁੰਦੀ ਸੀ ਤੇ ਮੇਰੇ ਹਿਰਦੇ ਵਿੱਚ ਜਾਨਵਰਾਂ ਲਈ ਦਇਆ ਦੇ ਭਾਵ ਜੜ੍ਹਾਂ ਫੜਦੇ ਹੁੰਦੇ ਸਨ । —ਕਹਾਣੀਆਂ ਭਾਗ ਪਹਿਲਾ ਪੰਨਾ ੨੦੬

ਭਗਤ ਜੀ ਜਦ ਭੀੜ, ਰਿਸ਼ਵਤ, ਜਨ-ਸੰਖਿਆ, ਦਰੱਖ਼ਤਾਂ ਆਦਰਸ਼, ਉਦੇਸ਼, ਪਵਿੱਤਰਤਾ, ਪਿਆਰ, ਸ਼ਰਧਾ, ਸਮਰਪਣ, ਸੁਚੱਜ ਸਵੱਛਤਾ, ਸਾਦਗੀ ਅਤੇ ਸਨਾਤਨ ਲਈ ਉਪਦੇਸ਼ ਦਿੰਦੇ ਹਨ ਤਦ ਮੁੱਲ-ਹੀਣ ਜ਼ਿੰਦਗੀ ਦਾ ਨਵੇਂ ਤੋਂ ਨਵਾਂ ਦਿੱਸਹੱਦਾ ਪਾਠਕਾਂ ਦੀਆਂ ਅੱਖਾਂ ਸਾਹਮਣੇ ਉਜਾਗਰ ਹੋਣ ਲੱਗਦਾ ਹੈ । ਭਗਤ ਜੀ ਦੁਆਰਾ ਰਚਿੱਤ ਸਾਹਿਤ ਉਪਦੇਸ਼ਾਤਮਿਕ ਹੈ । ਉਹ ਆਪਣੇ ਉਪਦੇਸ਼ ਲਿਖਕੇ ਆਪਣੇ ਸਮਕਾਲੀ



ਸਮਾਜ ਨੂੰ ਸਿੱਧੇ ਰਾਹ ਦਾ ਰਾਹੀ ਬਣਾਉਣ ਲਈ ਪ੍ਰੇਰਣਾ ਪ੍ਰਦਾਨ ਕਰਦੇ ਰਹੇ। ਭਗਤ ਜੀ ਦੀ ਦਿਵਯ ਦ੍ਰਿਸ਼ਟੀ ਨੂੰ ਬੌਧਿਕ-ਵਿਸ਼ਲੇਸ਼ਣ ਦੇ ਨਾਲ-ਨਾਲ ਮਾਨਸਿਕ ਅਤੇ ਹਾਰਦਿਕ ਸੰਵੇਦਨਾ ਸਹਿਤ ਤੱਕਣ ਦੀ ਲੋੜ ਹੈ । ਗਿਆਨ ਪ੍ਰਕਾਸ਼ ਹੁੰਦਾ ਹੈ । ਪ੍ਰਕਾਸ਼ ਦੀ ਗਤੀ ਤੇ ਗਿਆਨ ਦੀ ਗਤੀ ਵਿੱਚ ਸਮੇਂ ਤੇ ਵਿੱਥ ਦੀ ਵਿਆਖਿਆ ਕਰਨ ਲੱਗਿਆਂ, ਨੀਤੀ ਦੇ ਰੂਪ ਵਜੋਂ ਭੇਦ ਰਹੇਗਾ। ਭਗਤ ਜੀ ਦੀ ਭਾਵਨਾ ਗਿਆਨ ਦੇ ਪ੍ਰਕਾਸ਼ ਵਾਂਗ ਤੁਰਦੀ ਹੀ ਰਹੇਗੀ । ਪ੍ਰਕਾਸ਼ ਇਕ ਸੈਕਿੰਡ ਵਿੱਚ ਇਕ ਲੱਖ ਛਿਆਸੀ ਹਜ਼ਾਰ ਮੀਲ ਦੀ ਰਫ਼ਤਾਰ ਨਾਲ ਤੁਰਦਾ ਹੈ । ਜਦ ਕਿ ਗਿਆਨ ਦਾ ਪ੍ਰਕਾਸ਼ ਹਮੇਸ਼ਾਂ ਹੀ ਗਤੀਸ਼ੀਲ ਰਹਿੰਦਾ ਹੋਇਆ ਮਾਨਵੀ ਸੰਸਕਾਰਾਂ ਨੂੰ ਸਵੱਛ ਬਣਾਉਣ ਲਈ ਪ੍ਰਯਤਨਸ਼ੀਲ ਬਣਿਆ ਰਹਿੰਦਾ ਹੈ । ਇਸ ਸੰਦਰਭ ਨੂੰ ਭਗਤ ਜੀ ਨੇ ਆਪਣੇ ਸਾਹਮਣੇ ਰੱਖ ਕੇ ਅਜਿਹੇ ਸਵੈ-ਕਥਨ ਚਿਤਰਿਤ ਕੀਤੇ ਹਨ ਜਿਹੜੇ ਸਮੁੱਚੀ ਮਾਨਵਤਾ ਲਈ ਸੁਖਦਾਈ ਹੋ ਸਕਦੇ ਹਨ । ਅੱਜ ਤਕ ਸਾਰੇ ਸੰਸਾਰ ਦੀ ਭਗਤ ਬਾਣੀ ਅਬੋਧ ਨੂੰ ਬੋਧ ਬਖ਼ਸ਼ਦੀ ਰਹੀ ਹੈ । ਭਗਤ ਪੂਰਨ ਸਿੰਘ ਜੀ ਵੀ ਇਸ ਪ੍ਰਕਰਣ ਦਾ ਇਕ ਦ੍ਰਿਸ਼ਟਾਂਤ ਹਨ । ਭਗਤ ਜੀ ਦੇ ਸਵੈ-ਕਥਨ ਮਚਲੇ ਹੋਏ ਮਨ ਨੂੰ ਮਹਾਨ ਬਣਾਉਣ ਲਈ ਕਾਰਜਸ਼ੀਲ ਹਨ, ਭਗਤ ਜੀ ਨੇ ਭਗਤੀ ਲਹਿਰ ਦੀ ਪ੍ਰੰਪਰਾ ਵਿੱਚੋਂ ਬੇਹੱਦ ਹੀ ਪਿਆਰੇ-ਪਿਆਰੇ ਇਤਿਹਾਸਿਕ ਉਦਾਹਰਣ ਦੇ ਕੇ ਆਪਣੀ ਵਿਚਾਰਧਾਰਾ ਨੂੰ ਸਪੱਸ਼ਟਤਾ ਤੇ ਸਹੀ ਦੇਣ ਦੀ ਪੁਖ਼ਤਗੀ ਦਿੱਤੀ ਹੈ ।

"ਰੁੱਖਾਂ ਨੂੰ ਲਾਉਣ ਨੂੰ ਭਾਰਤ ਦੇ ਪੁਰਾਣੇ ਗ੍ਰੰਥਾਂ ਵਿੱਚ ਬੜਾ ਪੁੰਨ ਦਾ ਕੰਮ ਦੱਸਿਆ ਗਿਆ ਹੈ । ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜਦ ਆਸਾਮ ਦੇ ਚਾਰ ਸਾਲ ਦੇ ਦੌਰੇ 'ਤੇ ਗਏ ਸਨ ਉਹ ਥਾਂ ਥਾਂ ਰੁੱਖ ਲਗਵਾਉਂਦੇ ਗਏ ਸਨ। ਦੁੱਧ ਦੀ ਘਾਟ ਵਾਲੇ ਥਾਵਾਂ 'ਤੇ ਆਪ ਗਊਆਂ ਵੀ ਵੰਡਦੇ ਗਏ ਸਨ । ਬੇਘਰਾਂ ਲਈ ਮਕਾਨ ਵੀ ਬਣਾਉਂਦੇ ਸਨ ।"

—ਕਹਾਣੀਆਂ ਭਾਗ ਪਹਿਲਾ ਪੰਨਾ ੨੦੪

ਇਸ ਇਤਿਹਾਸਿਕ ਕਥਨ ਦੇ ਨਾਲ-ਨਾਲ ਭਗਤ ਜੀ ਦੀ ਮਾਤਾ ਜੀ ਵੀ ਇਕ ਅਜਿਹਾ ਕ੍ਰਿਆਤਮਕ ਦ੍ਰਿਸ਼ਟਾਂਤ ਬਣੇ ਰਹੇ ਜਿਸ ਨੂੰ ਭਗਤ ਜੀ ਨੇ ਸੰਸਾਰਿਕ ਰੂਪ ਵਿੱਚ ਸਵੀਕਾਰ ਕੀਤਾ —

"ਮੇਰੀ ਮਾਂ ਨੇ, ਮੇਰੇ ਬਾਪ ਦੇ ਬਣਵਾਏ ਹੋਏ ਪਿੰਡ ਦੇ ਤਲਾਬ ਦੇ ਕਿਨਾਰੇ ਤਿੰਨ ਪਿੱਪਲ ਦੇ ਰੁੱਖ ਲਾਏ ਸਨ ਜਿਨ੍ਹਾਂ ਨੂੰ ਲੱਗਿਆਂ ਨੂੰ ਲੰਘ ਰਹੇ

ਸਾਲ ੧੯੯੮ ਤਕ ੭੬ ਸਾਲ ਹੋ ਚੁੱਕੇ ਹੋਣਗੇ।" ਉਹੀ ਪੰਨਾ ੨੦੫

ਇਸ ਪ੍ਰਕਾਰ ਦੇ ਪਰਮ-ਤੱਤ ਦੀ ਪੂਰਤੀ ਵਾਸਤੇ ਭਗਤ ਜੀ ਦੀ ਘਾਲਣਾ ਦੀ ਵਿਆਖਿਆ, ਭੌਤਿਕਤਾ ਦੇ ਰਾਹ ਨੂੰ ਪਾਰ ਕਰਦੀ ਹੋਈ ਅਧਿਆਤਮ ਦੀ ਜੜ੍ਹ ਤਕ ਪੁੱਜਦੀ ਹੈ ।

ਭਗਤ ਜੀ ਜਿੱਥੇ ਮਰਯਾਦਾ, ਨੈਤਿਕਤਾ, ਵਿਵਹਾਰ, ਵਿਅਕਤੀ ਅਤੇ ਮਲੇਛ ਵਸਤਾਂ ਨੂੰ ਦਰਸਾਉਂਦੇ ਹਨ ਉੱਥੇ ਉਹਨਾਂ ਦਾ ਅੰਦਰਲਾ ਸੁਚੇਤ ਸੰਸਾਰ ਦ੍ਰਿਸ਼ ਨੂੰ ਹੀ ਪੇਸ਼ ਨਹੀਂ ਕਰਦਾ ਸਗੋਂ ਉਪਦੇਸ਼ਾਤਮਿਕ ਵਿਧੀ ਦੁਆਰਾ ਦਸਵੇਂ ਦੁਆਰ ਤਕ ਲੈ ਜਾਣ ਲਈ ਵੀ ਪ੍ਰਯਤਨਸ਼ੀਲ ਜਾਪਦਾ ਹੈ । ਭਗਤ ਜੀ ਅਡੋਲ ਵਿਸ਼ਵਾਸ ਦਾ ਪ੍ਰਮਾਣ ਸਨ । ਅਡੋਲ ਵਿਸ਼ਵਾਸ ਦੀ ਇਸ ਤੋਂ ਵੱਡੀ ਉਦਾਹਰਣ ਹੋਰ ਕੀ ਹੋ ਸਕਦੀ ਹੈ ਕਿ ਭਗਤ ਜੀ ਨੇ ਕੰਗਾਲ ਤੇ ਬੇਸਹਾਰਾ ਸਥਿਤੀ ਵਿੱਚੋਂ ਉੱਠ ਕੇ ਪਿੰਗਲਵਾੜਾ ਵਰਗੀ ਮਹਾਨ ਸੰਸਥਾ ਦੀ ਵਿਉਂਤ ਬਣਾ ਕੇ ਉਸ ਨੂੰ ਪੂਰਨ ਚਾੜ੍ਹਿਆ ਜਿਸ ਦਾ ਅੱਜਕੱਲ੍ਹ ਦਾ ਇਕ ਦਿਨ ਦਾ ਖ਼ਰਚ ਲਗਭਗ *ਇਕ ਲੱਖ ਰੁਪਿਆ ਬਣਦਾ ਹੈ । ਇਸ ਅਡੋਲ-ਵਿਸ਼ਵਾਸ ਦੀ ਜੁਗਤ ਉਹਨਾਂ ਨੇ ਆਪਣੀ ਸਾਧਨਾ ਵਿੱਚੋਂ ਪ੍ਰਾਪਤ ਕੀਤੀ ।

"ਮੇਰੇ ਚਾਰ ਭੈਣ ਭਰਾ ਕਿਸੇ ਕਹਿਰ ਦਾ ਸ਼ਿਕਾਰ ਹੋ ਗਏ ਸਨ । ਇਸ ਲਈ ਮੈਂ ਬਿਗਾਨੇ ਪੁੱਤਰਾਂ ਧੀਆਂ ਨੂੰ ਆਪਣੇ ਭੈਣ ਭਰਾ ਬਣਾਉਣਾ ਸੀ। ਮੈਂ ਸਭਨਾਂ ਜੀਆਂ ਵਿੱਚ ਰੱਬ ਵੱਸਦਾ ਦੇਖ ਰਿਹਾ ਹਾਂ ।"

ਕਹਾਣੀਆਂ ਭਾਗ ਪਹਿਲਾ ਪੰਨਾ ੧੯੦

**'ਦਰਵੇਸ਼ਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥'** (ਅੰ:੧੩੮੧) ਵਾਂਗ ਭਗਤ ਜੀ ਦੀ ਤਪੱਸਿਆ ਅਜਿਹੇ ਸਾਧਕ ਦੀ ਘਾਲਣਾ ਸੀ, ਜਿਸ ਅੱਗੇ ਵੱਡੀਆਂ ਵੱਡੀਆਂ ਬਾਦਸ਼ਾਹੀਆਂ ਸ਼ਰਮਸ਼ਾਰ ਹੋ ਬੈਠਦੀਆਂ ਹਨ । ਨੰਗੇ ਧੜ ਲੜਨ ਵਾਲੀ ਰੂਹ ਨੇ ਰਹਿਮ ਦੇ ਕਰਾਮਾਤੀ ਕਰਮ ਦੀ ਧੂਨੀ ਰਮਾ ਕੇ ਰਮਤੇ-ਯੋਗੀ ਵਾਂਗ, ਸੁੰਨੀਆਂ ਸੁੰਨੀਆਂ ਨਿੱਕੀਆਂ ਨੁੱਕਰਾਂ ਦਾ ਆਸਰਾ ਲੈ ਕੇ ਲੰਗੜੀ ਜ਼ਿੰਦਗੀ ਲੰਗੜੀ ਚਾਲ ਨੂੰ ਸੁਖਾਲਾ ਬਣਾਇਆ । ਇੰਞ ਭਗਤ ਜੀ ਦੀ ਜੀਵਨੀ ਸਾਧਨਹੀਨ ਪੁਰਸ਼ ਦਾ ਸਮਰੱਥ ਹਿੱਸਾ ਬਣ ਬੈਠਦੀ ਹੈ ।

ਹਰ ਇਕ ਵਿਅਕਤੀ ਪਹਿਲਾਂ ਤਾਂ ਇਕ ਅਦਨਾ ਜਿਹਾ ਆਦਮੀ ਜਾਪਦਾ ਹੈ ਪਰ ਜਦੋਂ ਉਸ ਅਦਨੇ ਮਨੁੱਖ ਦੇ ਉਪਰਾਲੇ ਹਜ਼ਾਰਾਂ ਉਮਰਾਂ ਲਈ ਆਸਰਾ ਬਣ ਬੈਠਦੇ ਹਨ ਤਦ ਉਸ ਦੀ ਅਹਿਮੀਅਤ ਦਾ ਪਤਾ ਲੱਗਦਾ ਹੈ। ਭਗਤ ਜੀ ਦੀ ਅਹਿਮੀਅਤ ਇਕ ਆਸਰਾ ਸੀ ਤੇ ਉਹਨਾਂ

ਸੰਨ ੨੦੧੮ ਵਿੱਚ ਸੰਸਥਾ ਦਾ ਰੋਜ਼ਾਨਾ ਖ਼ਰਚ ਲਗਭਗ ਸਾਢੇ ਛੇ ਲੱਖ ਰੁਪਏ ਹੈ।



ਦੀ ਇਹ ਅਹਿਮੀਅਤ, ਆਦਰਸ਼ ਬਣ ਕੇ ਮਨੁੱਖੀ ਮਨ ਨੂੰ ਵਿਸ਼ਾਲਤਾ ਬਖ਼ਸ਼ਦੀ ਰਹੀ । ਇਸ ਅਹਿਮੀਅਤ ਤੇ ਆਦਰਸ਼ ਦੀ ਸਿੱਖਿਆ ਉਨ੍ਹਾਂ ਨੇ ਆਪਣੀ ਮਾਂ ਪਾਸੋਂ ਪ੍ਰਾਪਤ ਕੀਤੀ ।

"ਜਦ ਸਵੇਰ ਵੇਲੇ ਮੇਰੀ ਮਾਂ ਰੋਟੀ ਪਕਾਉਂਦੀ ਹੁੰਦੀ ਸੀ ਤਾਂ ਮੈਨੂੰ ਪਹਿਲਾਂ ਪ੍ਰਸ਼ਾਦਾ ਬ੍ਰਾਹਮਣ ਦੇ ਘਰ ਦੇਣ ਜਾਣਾ ਪੈਂਦਾ ਸੀ, ਪਿੱਛੋਂ ਮੈਨੂੰ ਰੋਟੀ ਖਾਣ ਨੂੰ ਮਿਲਦੀ ਸੀ ।" ਕਹਾਣੀਆਂ ਭਾਗ ਪਹਿਲਾ ਪੰਨਾ ੨੦੬

ਮਾਂ ਕਹਿੰਦੀ ਹੁੰਦੀ ਸੀ ਕਿ ਪੁੱਤਰਾ ਤੂੰ ਰਸਤੇ ਵਿੱਚ ਤੁਰੇ ਜਾਂਦਿਆਂ ਕੀੜਾ ਕੀੜੀ ਦੇਖਕੇ ਤੁਰਿਆ ਕਰ ਤਾਂ ਜੋ ਉਹ ਪੈਰਾਂ ਹੇਠਾਂ ਆ ਕੇ ਨਾ ਮਰ ਜਾਣ । ਮਾਂ ਕਿਹਾ ਕਰਦੀ ਸੀ ਇਹਨਾਂ ਵਿੱਚ ਵੀ ਜਾਨ ਹੈ ਤੇ ਇਹ ਵੀ ਰੱਬ ਦੇ ਜੀਵ ਹਨ । ਉਹੀ ਪੰਨਾ ੨੦੭

ਸੰਵੇਦਨਸ਼ੀਲ ਭਾਵਨਾ ਤਰਕ ਦੀ ਥਾਵੇਂ ਸੁਹਿਰਦਤਾ ਅਤੇ ਸਕੋਮਲਤਾ ਨੂੰ ਅਪਣਾਉਣ ਦੇ ਹੱਕ 'ਚ ਹੁੰਦੀ ਹੈ । ਬੁੱਧੀ ਅਧੀਨ ਤਰਕ ਜਦੋਂ ਹਉਮੈਂ ਦਾ ਅੰਗ ਬਣ ਬੈਠਦਾ ਹੈ ਤਦ ਉਹ ਮਾਨਵੀ ਮੁੱਲਾਂ ਦੇ ਮੂਲ ਉੱਤੇ ਕਾਟ ਕਰਦਾ ਹੈ । ਦਰਅਸਲ ਭਗਤ ਜੀ ਨੇ ਅਸਲ ਤੇ ਅਮਲ ਦੇ ਸੰਵੇਦਨਾਤਮਿਕ ਵਸਤੂ ਦੀ ਪਰਖ ਤੇ ਪੜਤਾਲ ਦੇ ਨਾਲ-ਨਾਲ ਪ੍ਰਮਾਣਿਤ ਕਰਨ ਦੇ ਕ੍ਰਿਆਤਮਕ ਵਿਸ਼ਵਾਸ ਦੀ ਭਗਤੀ ਕੀਤੀ ।

"ਪਰ ਬਚਪਨ ਦੇ ਸਮੇਂ ਵਿੱਚ ਪ੍ਰਾਣੀ-ਮਾਤਰ ਦੇ ਭਲੇ ਦੇ ਦਇਆ ਤੇ ਪਿਆਰ ਦੇ ਜਿਹੜੇ ਸੰਸਕਾਰ ਮੇਰੇ ਹਿਰਦੇ ਵਿੱਚ ਮੇਰੀ ਮਾਂ ਨੇ ਪਾਏ ਹੋਏ ਸਨ, ਉਹਨਾਂ ਸੰਸਕਾਰਾਂ ਦੀ ਤ੍ਰਿਪਤੀ ਲਈ ਮੈਂ ਅਖ਼ਬਾਰਾਂ, ਪੁਸਤਕਾਂ ਤੇ ਅਨੇਕਾਂ ਸਪਤਾਹਿਕ ਤੇ ਮਾਸਿਕ ਪਰਚਿਆਂ ਨੂੰ ਪੜ੍ਹਦਾ ਰਿਹਾ ਹਾਂ, ਤਾਂ ਜੋ ਮੈਨੂੰ ਹੜ੍ਹਾਂ, ਸੋਕਿਆਂ, ਤੇਜ਼ਾਬ ਦੀ ਵਰਖਾ, ਗ਼ਰੀਬੀ, ਬੇਕਾਰੀ, ਅਨਪੜ੍ਹਤਾ, ਰੋਗ, ਰੇਤ ਦਾ ਮਾਰਥੂਲ ਹੁੰਦੀ ਜਾ ਰਹੀ ਦੇਸ਼ ਦੀ ਧਰਤੀ, ਕੋਇਲਾ, ਡੀਜ਼ਲ, ਪੈਟਰੋਲ ਤੇ ਲੱਕੜ ਸੜਨ ਤੋਂ ਪੈਦਾ ਹੋਣ ਵਾਲੀ ਗਰਮੀ ਨਾਲ ਪੈਦਾ ਹੁੰਦੀ ਜਾ ਰਹੀ ਧਰਤੀ ਜੈਸੀਆਂ ਚਿੰਤਾਜਨਕ ਸਮੱਸਿਆਵਾਂ ਬਾਰੇ ਵੱਧ ਤੋਂ ਵੱਧ ਗਿਆਨ ਪ੍ਰਾਪਤ ਹੋਵੇ ਤੇ ਇਸ ਗਿਆਨ ਨੂੰ ਮੈਂ ਕਿਤਾਬਚਿਆਂ, ਇਸ਼ਤਿਹਾਰਾਂ ਤੇ ਬੋਰਡਾਂ ਰਾਹੀਂ ਜਨਤਾ ਤਕ ਪੁਚਾ ਸਕਦਾ ।" ਕਹਾਣੀਆਂ ਭਾਗ ਪਹਿਲਾ ਪੰਨਾ ੨੧੩

ਹਰ ਇਕ ਆਦਰਸ਼ ਦੀ ਇਹ ਖ਼ੂਬੀ ਹੁੰਦੀ ਹੈ ਕਿ ਉਹ ਆਪਣੇ ਆਪ ਨੂੰ ਇਕ ਆਦੇਸ਼ ਭਾਵ ਹੁਕਮ ਬਣਾ ਕੇ ਅੱਗੇ ਨਹੀਂ ਆਉਂਦਾ ਹੁੰਦਾ ।

ਭਗਤ ਜੀ ਆਪ ਇਕ ਆਦਰਸ਼ ਸਨ । ਉਹ ਹੁਕਮ ਵਜੋਂ ਨਹੀਂ ਸਗੋਂ ਬੇਨਤੀ ਵਾਂਗ ਅੱਗੇ ਆਉਂਦੇ ਰਹੇ । ਸੇਵਾ-ਭਾਵ ਇਕ ਅਦੁੱਤੀ ਭਾਵਨਾ ਹੀ ਨਹੀਂ ਸਗੋਂ ਮਹਾਨ ਆਦਰਸ਼ ਵੀ ਹੁੰਦਾ ਹੈ ।

ਭਗਤ ਜੀ ਆਪ ਵੀ ਇਕ ਮਹਾਨ ਆਦਰਸ਼ ਸਨ ਪਰ ਉਹਨਾਂ ਦੇ ਬਚਨਾਂ ਵਿੱਚ ਕਿਤੇ ਵੀ ਕੋਈ ਹੁਕਮ ਨਹੀਂ ਸਗੋਂ ਹਲੀਮੀ ਹੈ । ਹਲੀਮੀ ਦੇ ਹਰਫ਼ ਅਮਿੱਟ ਹੁੰਦੇ ਹਨ । ਸਦੀਆਂ ਤੋਂ ਸਮਾਂ ਹਲੀਮੀ ਦੇ ਹਰਫ਼ਾਂ ਨੂੰ ਸੰਭਾਲਦਾ ਆ ਰਿਹਾ ਹੈ । ਭਗਤ ਜੀ ਦੀਆਂ ਭਾਵੁਕ ਗੱਲਾਂ ਪੰਛੀਆਂ ਦੀ ਚਹਿਚਹਾਟ ਵਰਗੀਆਂ ਹਨ । ਭਗਤ ਜੀ ਨੂੰ ਆਪਣੇ ਘਰ ਦੀ ਛੱਤ ਉੱਤੇ ਚੀਣਾ (ਦਾਣੇ)ਖਿਲਾਰ ਕੇ ਚੋਗਾ ਚੁਗਦੇ ਪੰਛੀਆਂ ਨੂੰ ਵੇਖ ਕੇ ਪ੍ਰਸੰਨਤਾ ਹੁੰਦੀ ਸੀ। ਕੀ ਇਹ ਬਾਲ ਮਨ ਦੀ ਉਹ ਸਰਲਤਾ ਤੇ ਅਪਣੱਤ ਨਹੀਂ ਹੈ ਜਿਸ ਵਿੱਚੋਂ ਕੁਦਰਤ ਲਈ ਪਿਆਰ ਤੇ ਪ੍ਰੀਤ ਦਾ ਚਸ਼ਮਾ ਫੁੱਟਿਆ ।

ਭਗਤ ਜੀ ਦੇ ਮਨ ਅਤੇ ਸੁਭਾਵ ਵਿੱਚ ਕਿਤੇ ਕੋਈ ਅਕੇਵਾਂ ਨਹੀਂ । ਉਨ੍ਹਾਂ ਦੀ ਕਿਸੇ ਵੀ ਗੱਲ ਨੂੰ ਫੜ ਲਵੋ ਉਸ ਵਿੱਚ ਸਾਰਥਿਕਤਾ, ਸਨੇਹ ਅਤੇ ਸਦਭਾਵਨਾ ਹੋਵੇਗੀ । ਦਇਆ-ਦ੍ਰਿਸ਼ਟੀ ਤਾਂ ਉਨ੍ਹਾਂ ਲਈ ਅਖੰਡ ਕੀਰਤਨ ਵਾਂਗ ਹੈ । ਭਗਤ ਜੀ, ਜੀਵਨ ਪਸਾਰ ਨੂੰ ਕਿਸੇ ਬੋਧ ਅਧੀਨ ਨਹੀਂ ਸਗੋਂ ਭਗਤੀ ਭਾਵਨਾ ਅਤੇ ਸਮਰਪਣ ਅਨੁਸਾਰ ਸਵੀਕਾਰਦੇ ਰਹੇ ।

ਉਹਨਾਂ ਦੀ ਇਸ ਪ੍ਰਕਾਰ ਦੀ ਸਵੀਕ੍ਰਿਤੀ ਵਿੱਚ ਭਗਤ ਜੀ ਦੀ ਭਾਵ-ਧਾਰਾ ਦੀ ਪ੍ਰਮੁੱਖਤਾ ਹੈ । ਉਹਨਾਂ ਨੂੰ ਆਪਣੇ ਆਲੇ-ਦੁਆਲੇ ਦੀ ਦੁਨੀਆਂ ਦੇ ਕਲੇਸ਼ ਦੇ ਕਾਰਨਾਂ ਦਾ ਭਲੀ-ਭਾਂਤ ਪਤਾ ਹੈ ਪਰ ਉਹ ਆਪਣੀ ਅੰਦਰਲੀ ਨਿਰਦੋਸ਼ ਭਾਵਨਾ ਸਦਕਾ ਦੋਸ਼ੀ ਅਤੇ ਦੁਸ਼ਟ ਨੂੰ ਸਮਝਾਉਣ ਲਈ ਪ੍ਰਯਤਨਸ਼ੀਲ ਹਨ ਅਤੇ ਇਸ ਸਿਲਸਿਲੇ ਅਧੀਨ ਭਗਤ ਜੀ ਪੀੜਿਤ ਪ੍ਰਾਣੀ ਲਈ ਅਰਪਿਤ ਹਨ । ਇਹ ਹੀ ਕਾਰਨ ਹੈ ਕਿ ਉਹ ਸਮੁੱਚੀ ਹੋਂਦ ਨੂੰ ਹਕਾਰਤ (Hatred, Contempt) ਦੀ ਦ੍ਰਿਸ਼ਟੀ ਦੀ ਥਾਵੇਂ ਸੁਚੇਤ-ਸਾਧਨਾ ਅਧੀਨ ਮਰਯਾਦਿਤ ਵਿਧੀ ਅਧੀਨ ਜਿਉਣ ਦੀ ਸਿੱਖਿਆ ਦਿੰਦੇ ਹਨ । ਆਪਣੀ ਇਸ ਧਾਰਨਾ ਨੂੰ ਸਥਿਰਤਾ ਪ੍ਰਦਾਨ ਕਰਨ ਹੇਤੂ ਲਿਖਦੇ ਹਨ....

"ਮਨੁੱਖ ਦੀ ਰੂਹ ਦੀ ਭੁੱਖ ਪਰਉਪਕਾਰ ਹੁੰਦੀ ਹੈ, ਜਿਸ ਨੂੰ ਕਰਦਿਆਂ ਮਨੁੱਖ ਦੇ ਹਿਰਦੇ ਨੂੰ ਏਨੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ ਕਿ ਉਸ ਲਈ ਹੋਰ ਕਿਸੇ ਖ਼ੁਸ਼ੀ ਦੀ ਲੋੜ ਨਹੀਂ ਰਹਿ ਜਾਂਦੀ ।" ਧਰਾਸ ਤੇ ਵਿਕਾਸ ਪੰਨਾ ੪੧



ਇਸ ਪ੍ਰਕਾਰ ਦੇ ਪ੍ਰਕਰਣ ਉਨ੍ਹਾਂ ਦੇ ਸਵੈ-ਕਥਨ ਵਿੱਚੋਂ ਸਹਿਜੇ ਹੀ ਲੱਭੇ ਜਾ ਸਕਦੇ ਹਨ । ਇਕ ਅਦੁੱਤੀ ਅਭਿਆਸ ਨੇ ਉਹਨਾਂ ਨੂੰ ਪੂਰਨ ਸਾਧਕ ਬਣਾ ਦਿੱਤਾ। 'ਧਰਾਸ ਤੇ ਵਿਕਾਸ' ਪੁਸਤਕ ਦੀ ਭੂਮਿਕਾ ਵਿੱਚ ਲਿਖਦੇ ਹਨ—

"ਲਾਵਾਰਸ ਬਿਮਾਰ ਹੁੰਦੇ ਸਨ, ਲਾਵਾਰਸ ਅਪਾਹਿਜ ਹੁੰਦੇ ਸਨ ਜਿਨ੍ਹਾਂ ਨੂੰ ਹਸਪਤਾਲਾਂ ਨੂੰ ਪਹੁੰਚਾਉਣਾ, ਉਹਨਾਂ ਦਾ ਇਲਾਜ ਕਰਾਉਣਾ ਤੇ ਉਹਨਾਂ ਨੂੰ ਸੰਭਾਲਣ ਦਾ ਕੰਮ ਹੁੰਦਾ ਸੀ । ਅਜਿਹੇ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ ਕਰਨ ਦਾ ਅਵਸਰ ਮੈਨੂੰ ਮਿਲਦਾ ਰਹਿੰਦਾ ਸੀ । ਲੋਕਾਂ ਨੂੰ ਰੇਲ ਦੇ ਸਫ਼ਰ ਲਈ ਕਿਰਾਏ ਦਿਵਾਉਣਾ, ਗ਼ਰੀਬ ਵਿਦਿਆਰਥੀਆਂ ਲਈ ਪੜ੍ਹਾਈ ਦਾ ਖ਼ਰਚ ਦਿਵਾਉਣਾ, ਸ਼ਹਿਰ ਦੀਆਂ ਸੜਕਾਂ ਦੀਆਂ ਧਰਤੀ ਵਿੱਚ ਵਗਣ ਵਾਲੀਆਂ ਨਾਲੀਆਂ ਦੇ ਸੁਰਾਖ਼ਾਂ ਦੇ ਚੁਰਾਏ ਗਏ ਜਾਂ ਟੁੱਟ ਗਏ ਢੱਕਣਿਆਂ ਦੇ ਕਾਰਨ ਲੋਕਾਂ ਨੂੰ ਉਹਨਾਂ ਸੁਰਾਖ਼ਾਂ ਵਿੱਚ ਡਿੱਗਣ ਤੋਂ ਬਚਾਉਣ ਲਈ ਉਸ ਸਮੇਂ ਤਕ ਪਹਿਰਾ ਦੇਣਾ ਜਦ ਤਕ ਨਵੇਂ ਢੱਕਣ ਨਾ ਰੱਖੇ ਜਾਣ ਤੇ ਉਹਨਾਂ ਦੇ ਆਲੇ-ਦੁਆਲੇ ਇੱਟਾਂ ਚਿਣਨਾ, ਮਿਉਨਿਸਪਲ ਕਮੇਟੀ ਦੇ ਦਫ਼ਤਰ ਜਾ ਕੇ ਇੰਜੀਨੀਅਰ ਨੂੰ ਉਹਨਾਂ ਬਾਰੇ ਇਤਲਾਹ ਦੇਣਾ, ਅਜਿਹੇ ਕੰਮ ਸਨ ਜਿਨ੍ਹਾਂ ਵਿੱਚ ਮੇਰਾ ਮਨ ਲੱਗਾ ਰਹਿੰਦਾ ਸੀ; ਪਰ ਮੇਰੇ ਮਨ ਨੂੰ ਸਭ ਤੋਂ ਵੱਧ ਮਸਤੀ ਨਾਲ ਰੁਝਾਅ ਕੇ ਰੱਖਣ ਵਾਲਾ ਕੰਮ ਲਾਇਬਰੇਰੀਆਂ ਵਿੱਚ ਜਾ ਕੇ ਅਖ਼ਬਾਰਾਂ, ਸਪਤਾਹਿਕ ਤੇ ਮਾਸਿਕ-ਪੱਤਰਾਂ ਅਤੇ ਪੁਸਤਕਾਂ ਨੂੰ ਪੜ੍ਹਨਾ ਹੁੰਦਾ ਸੀ ਜਿਹੜੇ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਉਰਦੂ ਚਾਰ ਜ਼ਬਾਨਾਂ ਵਿੱਚ ਹੁੰਦੇ ਸਨ।"

ਭਗਤ ਦਾ ਇਹ ਪ੍ਰਮੁੱਖ ਗੁਣ ਹੁੰਦਾ ਹੈ ਕਿ ਉਹ ਹੋਂਦ ਨੂੰ ਦ੍ਰਿਸ਼ਟੀ ਦੀ ਥਾਵੇਂ ਸ੍ਰਿਸ਼ਟੀ ਅਨੁਸਾਰ ਸਵੀਕਾਰ ਕਰਦਾ ਹੋਇਆ, ਕਸ਼ਟ ਅਧੀਨ ਆਈ ਕਾਇਨਾਤ ਨੂੰ ਆਪਣੀ ਸੇਵਾ ਭੇਂਟ ਕਰਦਾ ਰਹਿੰਦਾ ਹੈ । ਸੋ, ਜੇਕਰ ਸਹੀ ਅਰਥਾਂ ਵਿੱਚ ਦੇਖਿਆ ਜਾਵੇ ਤਾਂ ਭਗਤ ਪੂਰਨ ਸਿੰਘ ਜੀ ਨੇ ਆਪਣੀ ਸੇਵਾ ਨੂੰ ਮਨੁੱਖਤਾ ਦੇ ਕਲਿਆਣ ਲਈ ਭੇਂਟ ਕੀਤਾ ਹੈ । ਭੇਂਟ ਕੀਤੀ ਹੋਈ ਵਸਤੂ ਦਾ ਓਨਾ ਸੰਸਾਰਿਕ ਮੁੱਲ ਨਹੀਂ ਬਣਦਾ ਜਿੰਨਾ ਕਿ ਅਧਿਆਤਮਿਕ ਅਰਥ ਨਿਕਲਦਾ ਹੈ ।

ਵੇਖਿਆ ਜਾਵੇ ਤਾਂ ਸੇਵਾ ਹੁੰਦੀ ਹੀ ਅਧਿਆਤਮਿਕ ਵਸਤੂ ਹੈ । ਬਾਹਰੀ ਰੂਪ ਵਿੱਚ ਸੇਵਾ, ਸੰਸਾਰਿਕ ਅਤੇ ਭੌਤਿਕ ਜਾਪਦੀ ਹੈ, ਪਰ ਸੇਵਾ ਦਾ

ਆਂਤਰਿਕ ਅਨੰਦ ਅਧਿਆਤਮਵਾਦੀ ਹੁੰਦਾ ਹੈ । ਸੇਵਾ ਭਾਵ ਦੀ ਕਿਰਿਆ ਨੂੰ ਅਧਿਆਤਮਵਾਦ ਦੇ ਪਰਮ-ਤੱਤ ਤੋਂ ਬਿਨਾਂ ਸਮਝਿਆ ਨਹੀਂ ਜਾ ਸਕਦਾ।

ਭਗਤ ਪੂਰਨ ਸਿੰਘ ਜੀ ਪ੍ਰੰਪਰਾ ਹੁੰਦੇ ਹੋਏ ਵੀ ਨਿਰਲੇਪ ਬਣੇ ਰਹੇ। ਉਹਨਾਂ ਨੂੰ ਭਗਤੀ ਅਤੇ ਸੇਵਾ-ਭਾਵ ਦੇ ਸੰਸਕਾਰ ਆਪਣੀ ਮਾਂ ਪਾਸੋਂ ਮਿਲੇ ਅਤੇ ਮਰਯਾਦਾ ਦੀ ਪ੍ਰਾਪਤੀ ਗੁਰੂ-ਘਰ ਵਿੱਚੋਂ ਪ੍ਰਾਪਤ ਹੋਈ । ਜੇਕਰ ਥੋੜ੍ਹੀ ਕੁ ਔਖੀ ਭਾਸ਼ਾ ਵਿਚਲੇ ਅਰਥਾਂ ਨੂੰ ਸੌਖੇ ਰੂਪ ਵਿੱਚ ਸਮਝਣਾ ਹੋਵੇ ਤਾਂ ਆਖਿਆ ਜਾ ਸਕਦਾ ਹੈ ਕਿ ਦਾਰਸ਼ਨਿਕ ਤੱਤ ਜਦੋਂ ਕਾਰਜ-ਰੂਪ ਗ੍ਰਹਿਣ ਕਰਦੇ ਹਨ ਤਾਂ ਮਰਯਾਦਾ ਦਾ ਜਨਮ ਹੁੰਦਾ ਹੈ । ਭਗਤੀ ਤੇ ਸੇਵਾ ਮਰਯਾਦਾ ਹੁੰਦੀ ਹੈ ਜਦ ਕਿ ਸੰਸਕਾਰ, ਦਰਸ਼ਨ ਦਾ ਸੂਖਮ ਸਰੂਪ ਹੁੰਦੇ ਹਨ । ਭਗਤ ਜੀ ਦੀ ਮਾਤਾ ਕੋਲ ਸੰਸਕਾਰ ਸਨ । ਉਹ ਸੰਸਕਾਰ, ਸਮਰਪਣ ਤੇ ਸ਼ਰਧਾ ਵਿੱਚੋਂ ਉਪਜੇ ਹੋਏ ਸਨ । ਇਸ ਤਰ੍ਹਾਂ ਆਖਿਆ ਜਾ ਸਕਦਾ ਹੈ ਕਿ ਭਗਤ ਜੀ ਭਾਰਤੀ ਦਾਰ-ਸ਼ਨਿਕਤਾ ਦੀ ਮਰਯਾਦਿਤ ਮਹਾਨਤਾ ਨੂੰ ਬੀਜ ਰੂਪ ਵਿੱਚ ਆਪਣੀ ਮਾਤਾ ਤੋਂ ਪ੍ਰਾਪਤ ਕਰਦੇ ਰਹੇ; ਪਰ ਇਹ ਗੁਣ ਗੁਰੂ ਘਰ ਦੀ ਥਾਪਣਾ ਨਾਲ ਪ੍ਰਫੁੱਲਿਤ ਹੋਏ ।

ਸਿੱਖ ਸਿਰਜਣਾ ਮਰਯਾਦਿਤ ਸੰਕਲਪ ਦਾ ਸੰਘਰਸ਼-ਸ਼ੀਲ ਅਤੇ ਸ਼ਰਧਾਮਈ ਸਰੂਪ ਧਾਰਨ ਕਰਕੇ ਵਿਕਸਿਤ ਹੁੰਦੀ ਜਾ ਰਹੀ ਹੈ ।

ਮਨੁੱਖਤਾ, ਉਹ ਵਿਸ਼ਾਲ ਮੰਦਰ ਹੈ ਜਿਸ ਦੀ ਉਪਾਸ਼ਨਾ ਵਾਸਤੇ ਮਾਨਵ ਸੇਵਾ ਦੀ ਲੋੜ ਪੈਂਦੀ ਹੈ । ਮਾਨਵ ਸੇਵਾ ਨੂੰ ਅਸੀਂ ਸਾਤਵਿਕ ਗੁਣ ਆਖ ਸਕਦੇ ਹਾਂ । ਸਾਤਵਿਕ ਗੁਣ ਲਈ ਨਿਰਮਲ ਭਾਵ ਭੂਮੀ ਦਾ ਹੋਣਾ ਅਤਿਅੰਤ ਜ਼ਰੂਰੀ ਹੁੰਦਾ ਹੈ । ਭਗਤ ਜੀ ਦੇ ਅੰਦਰ ਇਹ ਭਾਵ ਭੂਮੀ, ਗੁਰ-ਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਰਹਿੰਦਿਆਂ ਪ੍ਰਫੁੱਲਿਤ ਤੇ ਪਰਿਪੱਕ ਹੋ ਚੁੱਕੀ ਸੀ । ਇਸ ਪ੍ਰਕਾਰ ਦੀ ਸੰਸਕ੍ਰਿਤਿਕ ਵਿਆਖਿਆ ਮਗਰੋਂ ਜਦੋਂ ਵੀ ਅਸੀਂ ਭਗਤੀ ਭਾਵਨਾ ਦੇ ਪੁੰਜ ਭਗਤ ਪੂਰਨ ਸਿੰਘ ਜੀ ਵੱਲ ਪਰਤਾਂਗੇ ਤਦ ਅਸਾਂ ਨੂੰ ਭਗਤ ਕੌਣ ਹੁੰਦਾ ਹੈ ਦੀ ਰਚਨਾਵਲੀ ਵੱਲ ਜਾਣਾ ਪਵੇਗਾ । ਸੋ ਸੰਖੇਪ ਵਿੱਚ ਆਖਿਆ ਜਾ ਸਕਦਾ ਹੈ ਕਿ ਭਗਤ ਵਿੱਚ "ਮੈਂ" ਨਹੀਂ ਹੁੰਦੀ। "ਮੈਂ" ਹੰਕਾਰ ਦਾ ਸੂਚਕ ਹੁੰਦੀ ਹੈ । ਭਗਤ ਸਮੂਹ ਤੇ ਸਰਬੱਤ ਵਿੱਚ ਵਿਲੀਨ ਹੋ ਕੇ "ਮੈਂ" ਨੂੰ ਮਿਟਾ ਸੁੱਟਦਾ ਹੈ । ਵੇਖਿਆ ਜਾਵੇ ਤਾਂ ਜ਼ਿੰਦਗੀ ਦਾ ਦੂਜਾ ਨਾਂ ਹੀ ਪਰਮਾਤਮਾ ਹੈ । ਇੰਞ ਅਸੀਂ ਆਤਮਾ ਨੂੰ ਪ੍ਰਮਾਤਮਾ ਦੀ



ਸੁਗਾਤ ਆਖ ਸਕਦੇ ਹਾਂ । ਇਸ ਪ੍ਰਕਾਰ ਦੀ ਵਿਚਾਰਧਾਰਾ ਅਨੁਸਾਰ ਭਗਤ ਜੀ ਪ੍ਰਾਣੀ-ਮਾਤਰ ਵਿੱਚ ਪਰਮ-ਸੱਤਾ ਨੂੰ ਸਵੀਕਾਰਦੇ, ਆਪਣੀ ਨਿਰਛਲ ਤੇ ਨਿਸ਼ਕਾਮ ਸੇਵਾ ਦੁਆਰਾ ਪਰਮਪਦ ਤਕ ਪੁੱਜੇ । ਭਗਤ ਜੀ ਦੁਆਰਾ ਕੀਤੀ ਸੇਵਾ, ਪ੍ਰਾਰਥਨਾਮਈ ਹੁੰਦੀ ਸੀ । ਭਗਤ ਜੀ ਸਿੱਧ ਤੇ ਬੁੱਧ ਬਣ ਕੇ ਕਹਿਣ ਦੀ ਥਾਵੇਂ ਆਪਣੀ ਜੀਵਨ-ਸ਼ੈਲੀ ਵਿੱਚ ਪ੍ਰਾਰਥਨਾ ਵਾਂਙ ਜਿਊਣ ਨੂੰ ਤਰਜੀਹ ਦਿੰਦੇ ਆਪ ਹੀ ਪ੍ਰਾਰਥਨਾ ਬਣ ਗਏ । ਆਪਣੀ ਇਸ ਪ੍ਰਾਰਥਨਾ ਲਈ ਉਹਨਾਂ ਨੇ ਗੁਰਬਾਣੀ ਦਾ ਆਸਰਾ ਲੱਭਾ ।

ਭਗਤ ਪੂਰਨ ਸਿੰਘ ਜੀ ਸੂਖਮ ਭਾਵੀ ਵਿਅਕਤੀ ਸਨ । ਕਠੋਰਤਾ ਦੇ ਕਰਮ ਨੂੰ ਉਹ ਅਸਵੀਕਾਰ ਕਰਦੇ ਰਹੇ । ਭਗਤ ਜੀ ਦੇ ਸੁਭਾਅ ਵਿੱਚ, ਯੋਗ, ਕਰਮ, ਉਪਾਸ਼ਨਾ, ਅਤੇ ਗਿਆਨ ਵਿਦਮਾਨ ਸਨ । ਇਨ੍ਹਾਂ ਸਦਗੁਣਾਂ ਦੇ ਹੇਤੂ ਉਹਨਾਂ ਦੇ ਮਾਤਾ ਜੀ ਸਨ । ਉਹਨਾਂ ਦਾ ਜੀਵਨ ਬਿਓਰਾ ਪੜ੍ਹਦਿਆਂ ਜਿਹੜੇ ਬਿਰਤਾਂਤ ਸਾਹਮਣੇ ਆਉਂਦੇ ਹਨ, ਉਹ ਪ੍ਰਮਾਣਿਤ ਕਰਦੇ ਹਨ ਕਿ ਭਗਤ ਜੀ ਦੀ ਪੂਜਨੀਕ ਮਾਤਾ ਮਹਿਤਾਬ ਕੌਰ ਜੀ ਆਪ ਵੀ ਸੰਵੇਦਨਸ਼ੀਲ ਸੁਹਿਰਦ ਤੇ ਸਹਿਜ ਸੁਭਾਅ ਦੇ ਮਾਲਕ ਸਨ । ਇਹ ਸਾਰੇ ਦੇ ਸਾਰੇ ਤੱਤ ਭਗਤ ਜੀ ਦੇ ਵਿਵਹਾਰ ਨੂੰ ਸਰਵੋਤਮ ਬਣਾਉਂਦੇ ਰਹੇ । ਭਗਤ ਜੀ ਦੀ ਘਾਲਣਾ ਯੋਗ ਸਾਧਨਾ ਵਰਗੀ ਸੀ ।

ਭਗਤ ਜੀ ਤਾਂ ਇਕ ਭਾਵਨਾ ਸਨ। ਭਾਵਨਾ ਦੀ ਵਿਸ਼ਾਲਤਾ, ਭਾਵਨਾ ਦੀ ਸਰਲਤਾ, ਭਾਵਨਾ ਦੀ ਸੁਗੰਧ, ਭਾਵਨਾ ਦੀ ਅਨੁਭੂਤੀ ਵਾਸਤੇ ਅੱਖਰਾਂ ਦੀ ਨਹੀਂ ਆਂਤਰਿਕ ਅੱਖ ਦੀ ਲੋੜ ਪੈਂਦੀ ਹੈ । ਭਗਤ ਦੀ ਪਹਿਚਾਣ, ਆਂਤਰਿਕ ਅੱਖ ਤੋਂ ਬਿਨਾਂ ਹੋ ਹੀ ਨਹੀਂ ਸਕਦੀ । ਵੇਖਿਆ ਜਾਵੇ ਤਾਂ ਮਹਿਸੂਸ ਹੁੰਦਾ ਹੈ ਕਿ ਭਗਤ ਜੀ ਤਾਂ ਅਗੰਮੀ ਲਿਵ ਵਿੱਚ ਲੀਨ ਰਹਿਣ ਵਾਲਾ ਵਿਸ਼ਾਲ ਵਿਸ਼ਵਾਸ ਸਨ ।

## ਦਰਵੇਸ਼ ਦੀ ਫ਼ਕੀਰੀ

ਫ਼ਕੀਰਾਂ, ਗੁਰਸਿੱਖਾਂ, ਭਗਤਾਂ ਅਤੇ ਦਰਵੇਸ਼ਾਂ ਦੀ ਦੁਨੀਆਂ ਉਹਨਾਂ ਦੀ ਸ਼ੁੱਧ ਆਂਤਰਿਕਤਾ ਹੁੰਦੀ ਹੈ । ਸਵੱਛ ਭਾਵਨਾਵਾਂ, ਪਵਿੱਤਰ ਖ਼ਿਆਲਾਂ, ਸਹਿਜ-ਸਹਿਮਤੀਆਂ, ਸੁਖਾਲੇ ਵਿਵਹਾਰ ਅਤੇ ਵਤੀਰੇ ਦੁਆਰਾ ਉਹ ਆਪਣੀ ਕਲਪਨਾ ਨੂੰ ਕਲਾ ਵਾਂਙ ਵਰਤੋਂ ਵਿੱਚ ਲੈ ਆਉਣ ਦੇ ਅਭਿਆਸ ਅਤੇ

ਅਨੁਭੂਤੀ ਦੀ ਤਪੱਸਿਆ ਵਿੱਚ ਜੁੱਟੇ ਰਹਿੰਦੇ ਹਨ । ਸ਼ਾਂਤ ਸਾਗਰ ਵਰਗਾ ਉਨ੍ਹਾਂ ਦਾ ਆਪਾ, ਸਮੁੱਚੀ ਮਾਨਵਤਾ ਲਈ ਮੋਹ ਦੀ ਮਹਿਕ ਖਿਲਾਰਦਾ ਹੋਇਆ ਖ਼ੁਸ਼ੀਆਂ ਨੂੰ ਵੰਡਦਾ ਹੈ ।

ਦਰਵੇਸ਼ ਦਾ ਦਿਲ, ਸੱਖਣੀ ਉਮਰ ਲਈ ਆਸਰਾ ਬਣਦਾ ਹੈ। ਦਰਵੇਸ਼ ਦੇ ਦਿਲ ਦੀ ਵਿਸ਼ਾਲਤਾ, ਧਰਤੀ ਨੂੰ ਆਪਣੀ ਬੁੱਕਲ ਵਿੱਚ ਬਿਠਾ ਕੇ ਇਸ ਉੱਪਰ ਰਹਿੰਦੇ ਦੁਖੀਆਂ ਨੂੰ ਮਾਂ ਵਰਗੀ ਮਮਤਾ ਬਖ਼ਸ਼ਦੀ ਹੈ । ਭਗਤ ਪੂਰਨ ਸਿੰਘ ਦੇ ਸੰਸਕਾਰ, ਸੇਵਾ ਦੇ ਸੰਕਲਪ ਨਾਲ ਭਰਪੂਰ ਹੁੰਦੇ ਗਏ । ਸੰਕਲਪ ਦੀ ਸ਼ੁੱਧਤਾ ਦੁਆਰਾ ਧਾਰਨ ਕੀਤਾ, ਵਿਸ਼ਵਾਸ ਕਰਾਮਤੀ ਹੁੰਦਾ ਹੈ । ਭਗਤ ਪੂਰਨ ਸਿੰਘ ਜੀ ਕ੍ਰਿਆਤਮਕ ਕਲਾ ਤੇ ਕਰਾਮਤੀ ਹੁਨਰ ਦੀ ਸਾਦਗੀ ਨੂੰ ਸਵੀਕਾਰ ਕਰਨ ਵਾਲੇ ਪਰਮ ਮਨੁੱਖ ਸਨ । ਪਰਮ ਮਨੁੱਖ ਦੀ ਜੀਵਨ ਯਾਤਰਾ ਦੇ ਦਿੱਸਹੱਦੇ ਉਸ ਦੇ ਆਰੰਭਿਕ ਵਰ੍ਹਿਆਂ ਤੋਂ ਹੀ ਦਿੱਸਣ ਲੱਗੇ ਪੈਂਦੇ ਹਨ । ਪਰਮ ਮਨੁੱਖ ਧਰਤੀ ਦਾ ਭਾਗ ਬਣਦੇ ਹਨ । ਪਰਮ ਮਨੁੱਖ ਧਰਤੀ ਨੂੰ ਨਮਸਕਾਰ ਕਰਦੇ ਹੋਏ ਸੁੰਨੀ ਤੇ ਬੀਆਬਾਨ ਜ਼ਿੰਦਗੀ ਦਾ ਆਸਰਾ ਬਣਦੇ ਰਹਿੰਦੇ ਹਨ । ਸ਼ਲਾਘਾ ਤੋਂ ਦੂਰ ਖੜ੍ਹੀ ਇਨ੍ਹਾਂ ਦੀ ਧਾਰਨਾ, ਧਰਮ ਦਾ ਰੂਪ ਧਾਰ ਕੇ, ਇਲਾਹੀ ਆਨੰਦ ਦੇ ਸੁਮੇਲ ਨਾਲ ਸੁਖੀ ਤੇ ਸੰਤੁਸ਼ਟ ਰਹਿੰਦੀ ਹੀ ਨਹੀਂ, ਸਗੋਂ ਸੁਖ ਅਤੇ ਸੰਤੁਸ਼ਟਤਾ ਦਾ ਪ੍ਰਸ਼ਾਦ ਵੰਡਦੀ ਵੀ ਰਹਿੰਦੀ ਹੈ ।

ਪ੍ਰਕਿਰਤੀ ਦੇ ਪੱਲੇ ਵਿੱਚ ਪਲਦੇ ਇਸ ਪ੍ਰਕਾਰ ਦੇ ਪਰਮ ਪੁਰਸ਼, ਪੁਰਸ਼ਾਰਥ ਨੂੰ ਪਿਆਰਦੇ ਹੀ ਨਹੀਂ ਸਗੋਂ ਸਵੀਕਾਰਦੇ ਹੋਏ ਅਗੰਮੀ ਆਨੰਦ ਵਿੱਚ ਲਿਵਲੀਨ ਰਹਿੰਦੇ ਹਨ । ਭਗਤ ਜੀ ਦੀ ਪਰਮ ਸਾਧਨਾ ਨੇ ਉਨ੍ਹਾਂ ਨੂੰ ਪਰਮ ਪੁਰਸ਼ਾਰਥ ਦਾ ਪੈਰੋਕਾਰ ਬਣਾ ਕੇ ਉਹਨਾਂ ਨੂੰ ਅਗੰਮੀ ਆਨੰਦ ਵਿੱਚ ਲਿਵਲੀਨ ਰੱਖਿਆ। ਉੱਖੜੀ ਹੋਈ ਜ਼ਿੰਦਗੀ ਜਦੋਂ ਬੇਸਹਾਰਾ ਹੋਈਆਂ ਉਮਰਾਂ ਨੂੰ ਖ਼ਾਲੀ ਹੱਥਾਂ ਨਾਲ ਆਸਰਾ ਦਿੰਦੀ ਹੈ ਤਾਂ ਇੰਵ ਹੁੰਦਾ ਹੈ ਜਿਵੇਂ ਉਹ ਕਿਸੇ ਅਲੋਕਾਰ ਅਤੇ ਅਲੌਕਿਕ ਪ੍ਰਕਾਸ਼ ਦਾ ਸੰਦੇਸ਼-ਵਾਹਕ ਬਣ ਕੇ ਕਿਸੇ ਸਰਵੋਤਮ ਵਹਿਣ ਵਰਗੀ ਵਿਧ ਬਣ ਗਈ ਹੋਏ । ਭਗਤ ਪੂਰਨ ਸਿੰਘ ਹੋਰਾਂ ਦੇ ਜੀਵਨ ਨੂੰ ਵੀ ਮਾਨਵਵਾਦੀ ਨਦੀ ਦਾ ਸਰਵੋਤਮ ਵਹਿਣ ਆਖਿਆ ਜਾ ਸਕਦਾ ਹੈ ।

ਭਗਤ ਜੀ ਦਾ ਮਨ ਹੁੰਮ੍ਹਸ ਤੋਂ ਦੂਰ ਰਹਿੰਦਾ ਹੋਇਆ, ਹਿੱਤਕਾਰੀ ਭਾਵਨਾ ਨਾਲ ਭਰਿਆ ਰਹਿੰਦਾ ਹੈ । ਹੁੰਮ੍ਹਸ ਨਾਲ ਭਰੇ ਮਨ ਨੂੰ ਹੁੰਮ੍ਹਸ ਦੀ



ਭਾਸ਼ਾ ਹੀ ਸਮਝ ਆ ਸਕਦੀ ਹੈ ਜਦ ਕਿ ਭਗਤ ਦੀ ਭਾਸ਼ਾ ਪ੍ਰੇਮ ਹੁੰਦਾ ਹੈ । ਪ੍ਰੇਮ ਤੋਂ ਖ਼ਾਲੀ ਮਨ ਵਿੱਚ ਹੁੰਮ੍ਹਸ ਆ ਟਿਕਦਾ ਹੈ । ਭਗਤ ਪੂਰਨ ਸਿੰਘ ਜੀ ਪ੍ਰੇਮ ਦੀ ਭਾਸ਼ਾ ਦੇ ਕਾਰਜਸ਼ੀਲ ਵਾਕ ਸਨ ।

ਭਗਤ ਜੀ ਦੇ ਇਸ ਤਰ੍ਹਾਂ ਦੇ ਵਡਮੁੱਲੇ ਵਾਕ ਬਣ ਕੇ ਵਿਦਾ ਹੋ ਜਾਣ ਦੀ ਕਹਾਣੀ ਨੂੰ ਸੁਰਜੀਤ ਸਿੰਘ ਰਾਹੀ ਮੁਖੀ ਪ੍ਰਚਾਰ ਵਿਭਾਗ ਪਿੰਗਲਵਾੜਾ ਅੰਮ੍ਰਿਤਸਰ ਇੰਵ ਲਿਖਦੇ ਹਨ ।

"ਪਿੰਗਲਵਾੜਾ ਸੰਸਥਾ ਦੇ ਸੰਸਥਾਪਕ ਸਵਰਗਵਾਸੀ ਭਗਤ ਪੂਰਨ ਸਿੰਘ ਜੀ ਉੱਤਰੀ ਭਾਰਤ ਵਿਖੇ ਵੀਹਵੀਂ ਸਦੀ ਵਿੱਚ ਇਕ ਅਜਿਹਾ ਕਰਮਯੋਗੀ ਮਹਾਂਪੁਰਸ਼ ਹੋ ਨਿਬੜਿਆ ਹੈ ਜਿਸ ਨੇ ਗੁਰਦੁਆਰਿਆਂ ਦੀ ਛਤਰ-ਛਾਇਆ ਹੇਠ ਨਿਰੰਤਰ ੭੦ ਸਾਲ ਪ੍ਰਾਣੀ-ਮਾਤਰ ਦੇ ਭਲੇ (ਮਰੀਜ਼ਾਂ ਦੀ ਸੇਵਾ, ਵਧੇਰੇ ਰੁੱਖ ਲਗਾਉਣ, ਹਵਾ ਪਾਣੀ ਨੂੰ ਸਾਫ਼ ਰੱਖਣ ਅਤੇ ਅਬਾਦੀ ਨੂੰ ਘਟਾਉਣ ਆਦਿ) ਦੇ ਕਾਰਜਾਂ ਵਿੱਚ ਅੰਤਮ ਸਵਾਸ ਤਕ ਜੁੱਟੇ ਰਹਿ ਕੇ ਇਕ ਨਿਵੇਕਲੀ ਮਿਸਾਲ ਪੈਦਾ ਕੀਤੀ"

ਨਿਰਸੰਦੇਹ ਮਨੁੱਖ ਦੇ ਚਿੱਤ ਵਿੱਚ ਉੱਠ ਰਹੇ ਭਾਵਨਾਤਮਿਕ, ਸਰੀਰਕ ਅਤੇ ਬੌਧਿਕ ਔਗੁਣਾਂ ਦਾ ਮੂਲ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਨਾਲ ਜਾ ਜੁੜਦਾ ਹੈ ਪਰ ਭਗਤ ਜੀ ਇਹਨਾਂ ਔਗੁਣਾਂ ਦੇ ਨਿਵਾਰਨ-ਹੇਤੂ ਸਿਮਰਣ ਦੇ ਨਾਲ-ਨਾਲ ਸੰਜਮ, ਜਪ, ਤਪ, ਤਪੱਸਿਆ ਅਤੇ ਤਿਆਗ ਕਰਨ ਦੇ ਸਾਧਨ ਨੂੰ ਅਪਣਾਉਣ ਲਈ ਉਪਦੇਸ਼ ਹੀ ਨਹੀਂ ਦਿੰਦੇ ਸਗੋਂ ਇਹਨਾਂ ਵਸਤਾਂ ਨੂੰ ਧਾਰਨ ਵੀ ਕਰਦੇ ਰਹੇ । ਭਗਤ ਜੀ ਦੀ ਭਾਵਨਾ ਭਗਤਾਂ ਵਾਂਗ ਅਜਿਹੇ ਵੈਰਾਗਮਈ ਦ੍ਰਿਸ਼ ਨਾਲ ਰਿਸ਼ਤਾ ਜੋੜ ਬੈਠਦੀ ਜਿਸ ਤੋਂ ਲੋਕਾਚਾਰ ਕੋਹਾਂ ਦੂਰ ਭੱਜਦਾ ਰਿਹਾ । ਇਹ ਹੀ ਕਾਰਨ ਹੈ ਕਿ ਕਦੇ-ਕਦੇ ਲੋਕਾਚਾਰ ਭਗਤ ਜੀ ਲਈ ਸਤਿਕਾਰ ਦੀ ਥਾਵੇਂ ਘ੍ਰਿਣਾ ਦੇ ਖ਼ਿਆਲ ਅਪਣਾਉਂਦਾ ਰਿਹਾ।

ਕਦੇ-ਕਦੇ ਅਣਡਿੱਠ ਹੋ ਜਾਣ 'ਤੇ ਵੀ ਭਗਤ ਜੀ ਆਪਣੇ ਪ੍ਰਣ ਤੋਂ ਪਾਸੇ ਨਹੀਂ ਸੀ ਹਟਦੇ । ਕਹਾਣੀਆਂ ਭਾਗ ਪਹਿਲਾ ਤੋਂ ਰਾਸ਼ਟਰੀ ਪੱਧਰ ਦਾ ਦ੍ਰਿਸ਼ਟਾਂਤ ਹੇਠਾਂ ਲਿਖਿਆ ਜਾ ਰਿਹਾ ਹੈ । ਇਸ ਦ੍ਰਿਸ਼ਟਾਂਤ ਵਿੱਚ ਭਗਤ ਜੀ ਤਨਦੇਹੀ ਨਾਲ ਲਾਲਾ ਲਾਜਪਤ ਰਾਏ ਜੀ ਦੀ ਚਿਤਾ ਦੀ ਰਾਖੀ ਕਰਦੇ ਹਨ।ਇਸ ਬਿਰਤਾਂਤ ਤੋਂ ਸਪੱਸ਼ਟ ਹੈ ਕਿ ਫ਼ਕੀਰ ਪੁਰਸ਼ ਹੀ ਅਜਿਹੀ ਘਾਲਣਾ

ਘਾਲ ਸਕਦਾ ਹੈ ।

"ਸਰਦੀਆਂ ਦੀ ਰੁੱਤ ਵਿੱਚ ਠੰਢ ਨਾਲ ਮਰਨ ਤੋਂ ਬਚਣ ਦੀ ਸਹੀ ਦੂਜੀ ਕਹਾਣੀ ਹੇਠ ਲਿਖੀ ਹੈ । ਲਾਲਾ ਲਾਜਪਤ ਰਾਏ ਭਾਰਤ ਦੀ ਸੁਤੰਤਰਤਾ ਅੰਦੋਲਨ ਦੇ ਇਕ ਸਿਰ-ਕੱਢ ਆਗੂ ਹੋਏ ਸਨ । ਉਨ੍ਹਾਂ ਦੀ ਮੌਤ ੧੭ ਨਵੰਬਰ ਵਾਲੇ ਦਿਨ ਹੋਈ ਸੀ । ਸਾਲ ਪਤਾ ਨਹੀਂ ੧੯੨੮ ਦਾ ਸੀ ਜਾਂ ੧੯੨੯ ਸੀ। ਮੈਨੂੰ ਲਾਲਾ ਜੀ ਦੀ ਮੌਤ ਦਾ ਪਤਾ ਸਵੇਰ ਦੇ ਅੱਠ ਕੁ ਵਜੇ ਲੱਗਿਆ ਸੀ । ਬੁੱਚੜਖ਼ਾਨਿਆਂ ਵਿੱਚ ਪਸ਼ੂਆਂ 'ਤੇ ਹੋਣ ਵਾਲੇ ਕਹਿਰਾਂ ਦੇ ਕਾਰਨ ਉਹਨਾਂ ਦਿਨਾਂ ਵਿੱਚ ਮੈਂ ਚਮੜੇ ਦੀ ਜੁੱਤੀ ਪਹਿਨਣੀ ਛੱਡੀ ਹੋਈ ਸੀ ਜਿਹੜੀ ਮੈਂ ਪੰਜਾਹ ਸਾਲ ਛੱਡੀ ਰੱਖੀ ਤੇ ਲੱਕੜ ਦੀਆਂ ਖੜਾਵਾਂ ਹੀ ਪਹਿਨਦਾ ਰਿਹਾ । ਮੈਂ ਕੁੜਤਾ ਪਜਾਮਾ ਪਹਿਨਣਾ ਛੱਡਿਆ ਹੋਇਆ ਸੀ । ਲੱਕ 'ਤੇ ਕਛਹਿਰਾ ਅਤੇ ਸਿਰ 'ਤੇ ਪਰਨਾ ਬੰਨ੍ਹਦਾ ਹੁੰਦਾ ਸਾਂ । ਇਕ ਖੇਸੀ ਸਰਦੀਆਂ ਦੀ ਰੁੱਤ ਵਿੱਚ ਮੇਰੇ ਉੱਤੇ ਹੁੰਦੀ ਸੀ। ਲਾਲਾ ਜੀ ਦੀ ਮੌਤ ਦਾ ਪਤਾ ਲੱਗਦੇ ਸਾਰ ਹੀ ਮੈਂ ਉਹਨਾਂ ਦੀ ਕੋਠੀ ਵੱਲ ਤੁਰ ਪਿਆ ਸਾਂ । ਲੂਲ੍ਹੇ ਨੂੰ ਮੈਂ ਸੰਨ ੧੯੩੪ ਵਿੱਚ ਆਪਣੀ ਸੰਭਾਲ ਵਿੱਚ ਲਿਆ ਸੀ । ਇਹ ਨਾ ਸੋਚਿਆ ਕਿ ਲਾਸ਼ ਤਾਂ ਤਿੰਨ-ਚਾਰ ਵਜੇ ਤੋਂ ਪਹਿਲਾਂ ਸਾੜਨ ਵਾਸਤੇ ਨਹੀਂ ਲਿਜਾਈ ਜਾਵੇਗੀ, ਕਿਉਂਕਿ ਬਹੁਤ ਲੋਕਾਂ ਨੇ ਨੜੋਏ ਦੇ ਨਾਲ ਤੁਰਨਾ ਹੋਵੇਗਾ ਜਿਹੜੇ ਹੋਰਨਾਂ ਸ਼ਹਿਰਾਂ ਤੋਂ ਵੀ ਆਉਣੇ ਸਨ। ਅਰਥੀ ਦਾ ਜਲੂਸ ਦਿਨ ਦੇ ਚਾਰ ਕੁ ਵਜੇ ਲਾਲਾ ਜੀ ਦੀ ਕੋਠੀ ਲੋਕ-ਸੇਵਕ ਮੰਡਲ Servants of the people Society ਤੋਂ ਚੱਲਿਆ ਅਤੇ ਯੂਨੀਵਰਸਿਟੀ ਦੇ ਸਾਹਮਣੇ ਦੀ ਸੜਕ ਤੋਂ ਲੰਘਦਾ ਹੋਇਆ ਅਨਾਰਕਲੀ ਬਾਜ਼ਾਰ ਵਿੱਚ ਵੜਿਆ । ਉੱਥੇ ਰਾਵੀ ਰੋਡ 'ਤੇ ਰਾਤ ਦਾ ਹਨੇਰਾ ਪੈਣ ਦੇ ਵੇਲੇ ਰਾਵੀ ਦਰਿਆ 'ਤੇ ਪੁੱਜਿਆ । ਮੇਰੇ ਪਾਸ ਪੈਸੇ ਤਾਂ ਉਨ੍ਹਾਂ ਦਿਨਾਂ ਵਿੱਚ ਨਹੀਂ ਹੁੰਦੇ ਸਨ ਕਿਉਂਕਿ ਮੈਂ ਬਿਨਾਂ ਤਨਖ਼ਾਹ ਤੋਂ ਸੇਵਾ ਕਰਦਾ ਹੁੰਦਾ ਸਾਂ । ਇਸ ਲਈ ਉਸ ਦਿਨ ਮੈਂ ਰਾਤ ਤਕ ਸਾਰਾ ਦਿਨ ਭੁੱਖਾ ਰਿਹਾ। ਰਸਤੇ ਵਿੱਚ ਇਕ ਗੋਰੇ ਜਿਹੇ ਮੁਸਲਮਾਨ ਨੂੰ ਲੋਕਾਂ ਨੇ ਕੁੱਟਿਆ । ਉਸ ਨੂੰ ਲੋਕੀਂ ਅੰਗਰੇਜ਼ ਕਰਨਲ ਲਾਰੈਂਸ ਸਮਝਦੇ ਸਨ ਕਿ ਉਸ ਨੇ ਅੰਗਰੇਜ਼ ਹੁੰਦਿਆਂ ਹੋਇਆਂ ਮੁਸਲਮਾਨਾਂ ਵਾਲੇ ਕੱਪੜੇ ਪਾ ਕੇ ਭਾਰਤ ਵਿੱਚ ਸਥਾਨਕ ਮੁਸਲਮਾਨ ਬਣ ਕੇ ਰਹਿਣ ਦਾ ਪਾਖੰਡ ਰਚਿਆ ਹੋਇਆ ਹੈ । ਬਹੁਤ ਵੱਡੀ ਗਿਣਤੀ ਵਿੱਚ ਲੋਕੀਂ ਨੜੋਏ ਦੇ ਨਾਲ ਗਏ ਸਨ । ਜਦ ਲਾਲਾ ਜੀ ਦੀ ਚਿਤਾ ਨੂੰ ਅੱਗ ਲਾ ਦਿੱਤੀ ਗਈ ਤਾਂ ਡਾਕਟਰ ਗੋਪੀ ਚੰਦ ਭਾਰਗਵ, ਖੱਦਰ ਭੰਡਾਰ ਪਰੀ



ਮਹਿਲ ਦਾ ਮੈਨੇਜਰ ਪੰਡਿਤ ਰਾਮ ਲਾਲ, ਛੋਟੇ ਮੈਨੇਜਰ ਸਰਦਾਰ ਜਸਵੰਤ ਸਿੰਘ ਤੇ ਡਾਕਟਰ ਸਾਹਿਬ ਦੇ ਚਾਚੇ ਦਾ ਪੁੱਤਰ ਮਨੋਹਰ ਲਾਲ ਚਾਰੇ ਜਣੇ ਖੜ੍ਹੇ ਗੱਲਾਂ ਕਰ ਰਹੇ ਸਨ । ਮੈਂ ਉਹਨਾਂ ਪਾਸ ਚਲਿਆ ਗਿਆ । ਉਹ ਸਾਰੇ ਜਣੇ ਮੈਨੂੰ ਜਾਣਦੇ ਸਨ ਕਿਉਂਕਿ ਮੈਂ ਖੱਦਰ ਭੰਡਾਰ ਤੋਂ ਖੱਦਰ ਖ਼ਰੀਦਦਾ ਹੁੰਦਾ ਸਾਂ ਤੇ ਖੱਦਰ ਦਾ ਪ੍ਰਚਾਰ ਕਰਨ ਵਾਲਾ ਵੀ ਸਾਂ । ਡਾਕਟਰ ਸਾਹਿਬ ਨਾਲ ਵੀ ਮੇਰੀ ਚੰਗੀ ਸਤਿਕਾਰ ਭਰੀ ਜਾਣ ਪਹਿਚਾਣ ਸੀ । ਉਹ ਆਪਸ ਵਿੱਚ ਇਹ ਗੱਲ ਕਰ ਰਹੇ ਸਨ ਕਿ ਰਾਤ ਨੂੰ ਚਿਤਾ ਦੀ ਰਾਖੀ ਲਈ ਕਿਸ ਨੂੰ ਛੱਡਿਆ ਜਾਵੇ। ਇਹ ਫ਼ਿਕਰ ਉਨ੍ਹਾਂ ਨੂੰ ਇਸ ਲਈ ਪੈਦਾ ਹੋਇਆ ਕਿਉਂਕਿ ਸੰਨ ੧੯੨੭ ਵਿੱਚ ਸਖ਼ਤ ਹਿੰਦੂ ਮੁਸਲਿਮ ਫ਼ਸਾਦ ਹੋ ਚੁੱਕੇ ਸਨ । ਉਹਨਾਂ ਦੀ ਇਹ ਗੱਲ ਸੁਣਕੇ ਮੈਂ ਕਿਹਾ ਡਾਕਟਰ ਸਾਹਿਬ ਰਾਤ ਨੂੰ ਮੈਂ ਚਿਤਾ ਦੇ ਲਾਗੇ ਸੌਂ ਜਾਵਾਂਗਾ। ਡਾਕਟਰ ਸਾਹਿਬ ਨੇ ਦਰਿਆ ਦੇ ਲਾਗੇ ਦੇ ਕਿਸੇ ਮਕਾਨ ਵਿੱਚੋਂ ਮੇਰੇ ਲਈ ਇਕ ਛੋਟੀ ਜਿੰਨੀ ਮੰਜੀ ਮੰਗਵਾ ਲਈ ਜਿਸ ਉੱਤੇ ਮਸਾਂ ਦਸਾਂ ਸਾਲਾਂ ਦਾ ਮੁੰਡਾ ਸੌਂ ਸਕਦਾ ਸੀ । ਮੰਜੀ ਦੇ ਵਾਣ ਦੀ ਬੁਣਤਰ ਵਿੱਚੋਂ ਡੂੰਘੀ ਸੀ । ਮੈਂ ਉੱਤੇ ਲੇਟ ਗਿਆ। ਮੈਂ ਸਾਰੇ ਦਿਨ ਦਾ ਭੁੱਖਾ ਸੀ । ਜੇ ਮੇਰੇ ਪਾਸ ਪੈਸੇ ਹੁੰਦੇ ਤਾਂ ਮੈਂ ਰਾਵੀ ਦਰਿਆ 'ਤੇ ਹਨੇਰਾ ਹੋਏ 'ਤੇ ਪੁੱਜਣ ਦੇ ਸਮੇਂ ਤੋਂ ਪਹਿਲਾਂ ਰੋਟੀ ਕਿਸੇ ਤੰਦੂਰ ਤੋਂ ਮੁੱਲ ਲੈ ਕੇ ਖਾ ਸਕਦਾ ਸਾਂ ਜਾਂ ਕੋਈ ਹੋਰ ਵਸਤੂ ਮੂੰਗਫਲੀ ਜਾਂ ਛੋਲੇ ਚੱਬ ਕੇ ਆਪਣੀ ਭੁੱਖ ਮਿਟਾ ਲੈਂਦਾ ।

ਰਾਤ ਦੇ ੧੦ ਕੁ ਵਜੇ ਡਾਕਟਰ ਸਾਹਿਬ ਦਾ ਭਰਾ ਮਨੋਹਰ ਲਾਲ ਤੇ ਉਹਨਾਂ ਦਾ ਸੈਕਰੇਟਰੀ ਯਸ਼ਪਾਲ ਦੋਵੇਂ ਜਣੇ ਆਏ । ਮੈਂ ਆਪਣੇ ਲਈ ਪ੍ਰਸ਼ਾਦਾ ਤੇ ਪਾਲੇ ਤੋਂ ਬਚਣ ਲਈ ਕੰਬਲ ਜਾਂ ਰਜਾਈ ਦੀ ਉਡੀਕ ਕਰਨੀ ਸੀ, ਪਰ ਰਾਤ ਨੂੰ ਜਿਹੜੇ ਦੋ ਬੰਦੇ ਮੇਰੇ ਪਾਸ ਆਏ ਉਹ ਰਜਾਈ ਤਲਾਈ, ਕੰਬਲ ਜਾਂ ਖੇਸੀ ਕੋਈ ਕੱਪੜਾ ਵੀ ਨਾ ਲੈ ਕੇ ਆਏ । ਰੋਟੀ ਵੱਲੋਂ ਵੀ ਡਾਕਟਰ ਸਾਹਿਬ ਨੂੰ ਕੀ ਪਤਾ ਸੀ ਕਿ ਮੇਰੇ ਜੈਸੇ ਸੇਵਾ ਲਈ ਜੀਵਨ ਅਰਪਣ ਕਰਕੇ ਪੈਸਾ ਨਾ ਕਮਾਉਣ ਵਾਲੇ ਬੰਦੇ ਨੂੰ ਸਾਰਾ ਦਿਨ ਵੀ ਭੁੱਖਾ ਰਹਿਣਾ ਪਿਆ ਕਰਦਾ ਹੈ। ਉਹ ਦੋਵੇਂ ਜਣੇ ਮੈਨੂੰ ਗਲੋਂ ਲਾਹੁਣ ਲਈ ਕਿਸੇ ਹਲਵਾਈ ਦੀ ਹੱਟੀ ਤੋਂ ਦੋ ਕੁ ਪੂੜੀਆਂ ਲੈ ਕੇ ਆਏ ਜਿਹੜੀਆਂ ਤੋਲਾ-ਤੋਲਾ ਭਰ ਦੀਆਂ ਹੋਣਗੀਆਂ । ਸਾਰਾ ਦਿਨ ਦੇ ਭੁੱਖੇ ਨੇ ਮੈਂ ਉਹ ਦੋ ਪੂੜੀਆਂ ਖਾਧੀਆਂ ਪਰ ਮੈਂ ਡਰਦਿਆਂ ਦਰਿਆ ਦਾ ਪਾਣੀ ਇਸ ਖ਼ਿਆਲ ਨਾਲ ਨਾ ਪੀਤਾ ਕਿ ਦਰਿਆ ਦਾ ਪਾਣੀ ਸ਼ਾਇਦ ਖ਼ਰਾਬ ਹੁੰਦਾ ਹੋਵੇ । ਰਾਤ ਦੇ ਤਿੰਨ ਕੁ ਵਜੇ ਮੈਨੂੰ ਦਰਿਆ ਦੀ ਬਰੇਤੀ ਵਿੱਚ

ਪਏ ਨੂੰ ਇਤਨੀ ਸਰਦੀ ਚੜ੍ਹ ਗਈ ਕਿ ਮੈਂ ਹੱਥ ਹਿਲਾਉਣ ਜੋਗਾ ਨਾ ਰਿਹਾ। ਮੈਂ ਮਨੋਹਰ ਲਾਲ ਤੇ ਯਸ਼ਪਾਲ ਦੋਹਾਂ ਨੂੰ ਅਵਾਜ਼ ਮਾਰ ਕੇ ਜਗਾਇਆ ਤੇ ਕਿਹਾ ਕਿ ਮੈਨੂੰ ਤਾਂ ਸਰਦੀ ਚੜ੍ਹ ਗਈ ਹੈ। ਯਸ਼ਪਾਲ ਨੇ ਕਿਹਾ ਕਿ ਲਾਲਾ ਜੀ ਨੂੰ ਕਹਿ ਦੇ ਕਿ ਲਾਲਾ ਜੀ ਮੈਂ ਤੁਹਾਡੇ ਨਾਲ ਹੀ ਆ ਰਿਹਾ ਹਾਂ। ਲਾਲਾ ਜੀ ਦੀ ਚਿਤਾ ਵਿੱਚੋਂ ਪਿਸ਼ਾਬ ਦੀ ਪੂਰੀ ਧਾਰ ਨਿਕਲੀ ਸੀ। ਯਸ਼ਪਾਲ ਨੇ ਮੈਨੂੰ ਆਪਣੇ ਉੱਤੋਂ ਗਰਮ ਕੱਪੜੇ ਦਾ ਓਵਰਕੋਟ ਲਾਹ ਕੇ ਦਿੱਤਾ; ਪਰ ਉਸ ਕੋਟ ਨਾਲ ਮੇਰਾ ਕੀ ਸੰਵਰਨਾ ਸੀ ? ਤਿੰਨ ਕੁ ਵਜੇ ਚਿਤਾ ਦਾ ਸਵਾ ਗਜ਼ ਦੇ ਕਰੀਬ ਹਿੱਸਾ ਸੁਆਹ ਬਣ ਚੁੱਕਿਆ ਸੀ। ਗਰਮ ਸੁਆਹ ਦੇ ਉਸ ਹਿੱਸੇ ’ਤੇ ਮੈਂ ਆਪਣੀ ਮੰਜੀ ਡਾਹ ਲਈ ਤੇ ਇਸ ਤਰ੍ਹਾਂ ਮੇਰੀ ਜਾਨ ਬਚੀ ਤੇ ਮੈਂ ਸੌਂ ਵੀ ਗਿਆ। ਅਗਲੀ ਸਵੇਰ ਦਿਨ ਦੇ ਸਾਢੇ ਨੌਂ ਵਜੇ ਲਾਲਾ ਲਾਜਪਤ ਰਾਏ ਦਾ ਭਰਾ ਲਾਲਾ ਰਣਪਤ ਰਾਏ ਤੇ ਉਸ ਦਾ ਪੁੱਤਰ ਦੋਵੇਂ ਜਣੇ ਆਏ ਤਾਂ ਮੈਂ ਉਸ ਥਾਂ ਤੋਂ ਤੁਰਿਆ। ਉਸ ਵੇਲੇ ਤਕ ਮੈਨੂੰ ਰੋਟੀ ਖਾਧੀ ਨੂੰ ੩੭ ਘੰਟੇ ਤੋਂ ਵੱਧ ਸਮਾਂ ਹੋ ਚੁੱਕਿਆ ਸੀ। ਅਗਲੀ ਸਵੇਰ ਮੈਨੂੰ ਲਾਲਾ ਜੀ ਦੇ ਭਰਾਵਾਂ ਨੂੰ ਉਡੀਕਣ ਦੀ ਕੋਈ ਲੋੜ ਨਹੀਂ ਸੀ। ਮੈਂ ਉਜਾਲਾ ਹੋਣ ਦੇ ਵੇਲੇ ਲਾਲਾ ਜੀ ਦੀ ਚਿਤਾ ਨੂੰ ਛੱਡ ਕੇ ਜਾ ਸਕਦਾ ਸਾਂ ਪਰ ਭੁੱਖਾ ਪਿਆਸਾ ਹੁੰਦਾ ਹੋਇਆ ਵੀ ਮੈਂ ਲਾਲਾ ਜੀ ਦੇ ਪਰਿਵਾਰ ਦੇ ਬੰਦਿਆਂ ਦੇ ਆਉਣ ਤੋਂ ਪਹਿਲਾਂ ਦਰਿਆ ਤੋਂ ਨਾ ਤੁਰਿਆ।” (ਕਹਾਣੀਆਂ ਭਾਗ..ਪੰਨਾ ੧੭੪)

ਭਗਤ ਪੂਰਨ ਸਿੰਘ ਜੀ ਜਿਸ ਕੰਮ ਨੂੰ ਆਪਣੇ ਹੱਥ ਵਿੱਚ ਲੈਂਦੇ ਉਸ ਮਨੋਰਥ ਵੱਲ ਕਮਰ-ਕੱਸਾ ਕਰ ਕੇ ਤੁਰ ਪੈਂਦੇ। ਸੋ ਇੰਞ ਆਖਿਆ ਜਾ ਸਕਦਾ ਹੈ ਕਿ ਭਗਤ ਜੀ ਕਮਰ-ਕੱਸਾ ਕਰ ਕੇ ਕਰਾਮਾਤੀ ਕਰਮਾਂ ਦੀ ਉਪਾਸ਼ਨਾ ਕਰਦੇ ਰਹੇ। ਉਨ੍ਹਾਂ ਦੀ ਇਸ ਉਪਾਸ਼ਨਾ ਨੂੰ ਅਸੀਂ ‘**ਦਰਵੇਸ਼ ਦੀ ਫ਼ਕੀਰੀ**’ ਦਾ ਸਿਰਲੇਖ ਦੇ ਸਕਦੇ ਹਾਂ।

ਆਦਮੀ ਕੇਵਲ ਆਦਮੀ ਤਕ ਹੀ ਮਹਿਦੂਦ ਰਹਿੰਦਾ ਹੈ, ਜੇਕਰ ਉਹ ਕੁਦਰਤੀ ਵਿਸ਼ਾਲਤਾ ਦੀ ਬੁੱਕਲ ਵਿੱਚ ਜਾ ਕੇ ਨਹੀਂ ਬੈਠਦਾ। ਭਾਸ਼ਾ ਦੇ ਆਧਾਰ ’ਤੇ ਆਦਮੀ ਦਾ ਅਰਥ ਹੁੰਦਾ ਹੈ ਲਾਲ ਮਿੱਟੀ ਦਾ ਪੁਤਲਾ। ਮਨੁੱਖ 'ਮਨਨ' ਭਾਵ ਸੋਚ ’ਚੋਂ ਉਤਪੰਨ ਹੋਇਆ ਸ਼ਬਦ ਹੈ। ਸੰਵੇਦਨਸ਼ੀਲ ਸੋਚ ਮਨੁੱਖ ਨੂੰ ਮਨਨਸ਼ੀਲ ਬਣਾ ਕੇ ਕੁਦਰਤ ਦੀ ਵਿਸ਼ਾਲਤਾ ਨਾਲ ਜੋੜਦੀ ਹੈ। ਦਰਵੇਸ਼ ਮਨੁੱਖ ਆਪਣੀ ਫ਼ਕੀਰੀ ਨਾਲ ਕੁਦਰਤ ਦਾ ਮੇਲ ਮਿਲਾਪ ਹੀ ਨਹੀਂ



ਬਣਦਾ ਸਗੋਂ ਕੁਦਰਤੀ ਕਰਮ ਵਰਗੀ ਵਸਤੂ ਬਣ ਬੈਠਦਾ ਹੈ। ਦਰਵੇਸ਼ ਸ਼ਬਦ ਦੇ ਅਰਥ ਕਈ ਵਿਦਵਾਨਾਂ ਨੇ ਮੋਤੀ ਜਿਹਾ ਤੋਂ ਅਗਾਂਹ ਦਰਵੇਸ਼ ਦੀ ਤਰ੍ਹਾਂ ਕੀਤੇ ਹਨ।

**“ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ ॥”**

(ਅੰਗ ੫੫੦)

ਦਰਵੇਸ਼ ਦਾ ਇਕ ਅਰਥ ਇਹ ਵੀ ਹੁੰਦਾ ਹੈ ਕਿ ਜਿਹੜਾ ਕਰਤਾਰ ਦੇ ਦਰ ਦੀ ਯਾਚਨਾ ਕਰਦਾ ਹੈ। ਇਸ ਸਿਲਸਿਲੇ ਅਧੀਨ ਹੀ ਕਰਤਾਰ ਦੇ ਦਰ ਦਾ ਉਪਾਸ਼ਕ ਸੰਤ ਹੁੰਦਾ ਹੈ। ਦਰਿ ਦਰਵੇਸ਼ ਕਰਤਾਰ ਦੇ ਦਰ ’ਤੇ ਪੁੱਜਾ ਹੋਇਆ ਸੰਤ ਹੁੰਦਾ ਹੈ। ਕਰਤਾਰ ਦੇ ਦਰ ਦੀ ਅਨਿੰਨ ਭਗਤੀ ਤੋਂ ਬਿਨਾਂ ਹੋਰ ਦੇ ਦਰ ਦੀ ਆਸ ਨੂੰ ਤਿਆਗ ਦਿੰਦਾ ਹੈ। ਭਗਤ ਜੀ ‘ਕਰਤਾਰ’ ਨੂੰ ਹੀ ਆਪਣਾ ਆਸਰਾ ਮੰਨਦੇ ਸਨ। ਇਸ ਕਾਰਨ ਉਹਨਾਂ ਦੀ ਦਵੰਦਹੀਨ ਯਾਤਰਾ ਨੇ ਆਪਣੇ ਅਕੀਦੇ ਨੂੰ ਅਡੋਲ ਰੱਖਿਆ। ਇਸ ਅਡੋਲ ਆਸਰੇ ਦੀ ਵਿਥਾ ਨੂੰ ਬਿਆਨਦੇ ਹੋਏ ਭਗਤ ਪੂਰਨ ਸਿੰਘ ਜੀ ‘ਧਰਾਸ ਤੇ ਵਿਕਾਸ’ ਪੁਸਤਕ ਦੇ ਪੰਨਾ ੧੬,੧੭ ਉੱਤੇ ਇੰਞ ਲਿਖਦੇ ਹਨ—

“ਗੁਰਦੁਆਰਾ ਰੇਰੂ ਸਾਹਿਬ ਲੁਧਿਆਣਾ ਸ਼ਹਿਰ ਤੇ ਖੰਨਾ ਕਸਬੇ ਦੇ ਵਿਚਕਾਰ ਅੱਧ ਵਿੱਚ ਹੈ। ਖੰਨਾ ਕਸਬੇ ਵਿੱਚ ਪੁੱਜ ਕੇ ਮੈਂ ਇਹ ਸੋਚਣਾ ਸੀ ਕਿ ਮੈਂ ਕਿੱਥੇ ਰਹਾਂ? ਮੇਰਾ ਘਰ ਉੱਜੜ ਗਿਆ ਹੈ; ਪਰ ਰੱਬ ਨੇ ਕਿਹਾ ਕਿ ਪੂਰਨ ਸਿੰਘ ਹਉਕਾ ਲੈਣ ਦੀ ਲੋੜ ਨਹੀਂ, ਤੇਰਾ ਘਰ ਉੱਜੜਿਆ ਜ਼ਰੂਰ ਹੈ ਪਰ ਉਸਦੇ ਉੱਜੜਨ ਵਿੱਚ ਵੀ ਤੇਰੇ ਵਧਣ ਫੁੱਲਣ ਦੇ ਭੇਦ ਛਿਪੇ ਹੋਏ ਹਨ। ਤੂੰ ਆਪਣੇ ਬਚਪਨ ਵਿੱਚ ਆਪਣੀ ਮਾਂ ਤੋਂ ਜਿਹੜੇ ਦਇਆ ਤੇ ਸੰਤੋਖ ਦੇ ਸੰਸਕਾਰ ਲੈ ਕੇ ਪਲਿਆ ਹੈਂ, ਧ੍ਰੂ ਪ੍ਰਹਿਲਾਦ, ਸਰਵਣ ਕੁਮਾਰ, ਰਾਜਾ ਜਨਕ, ਕਬੀਰ, ਭਗਤ ਤੇ ਨਰਸਿੰਘ ਅਵਤਾਰ ਵਰਗੇ ਜਿਨ੍ਹਾਂ ਸਿਰਕੱਢ ਮਹਾਂਪੁਰਸ਼ਾਂ ਦੀਆਂ ਕਹਾਣੀਆਂ ਬਚਪਨ ਵਿੱਚ ਤੂੰ ਸੁਣ-ਸੁਣ ਕੇ ਪਲਿਆ ਹੈਂ, ਉਨ੍ਹਾਂ ਅਨੁਸਾਰ ਤੇਰਾ ਨਿਰਬਾਹ ਤੇਰੇ ਜਨਮ ਦੇ ਛੋਟੇ ਜਿਹੇ ਘਰ ਵਿੱਚ ਨਹੀਂ ਹੋ ਸਕਦਾ ਸੀ; ਤੈਨੂੰ ਕਿਸੇ ਬਹੁਤ ਵੱਡੇ ਘਰ ਦੀ ਲੋੜ ਸੀ ਜਿਸ ਦਾ ਵਾਤਾਵਰਨ ਧਾਰਮਿਕ ਤੇ ਰੂਹਾਨੀ ਹੁੰਦਾ, ਜਿਸ ਘਰ ਵਿੱਚ ਤੇਰੇ ਮਾਨਸਿਕ ਵਿਕਾਸ ਲਈ ਧਨ ਤੇ ਪਦਾਰਥਾਂ ਦੇ ਵੱਧ ਤੋਂ ਵੱਧ ਸਾਧਨ ਹੁੰਦੇ, ਜਿਸ ਦੀ ਛਤਰ-ਛਾਇਆ ਵਿੱਚ ਰਹਿ ਕੇ, ਜਿਸ ਦੇ ਸਭਿਆਚਾਰ ਦਾ ਅੰਗ ਬਣਕੇ ਤੂੰ ਆਪਣੀਆਂ

ਸਰੀਰ, ਬੁੱਧੀ ਤੇ ਹਿਰਦੇ ਦੀਆਂ ਸ਼ਕਤੀਆਂ ਦੇ ਵੱਧ ਤੋਂ ਵੱਧ ਵਿਕਾਸ ਲਈ ਹਰ ਪ੍ਰਕਾਰ ਦੀਆਂ ਲੋੜੀਂਦੀਆਂ ਸਹੂਲਤਾਂ ਸਹਿਜੇ ਹੀ ਪ੍ਰਾਪਤ ਕਰ ਸਕਦਾ ਹੈਂ।"

ਸੋ ਭਗਤ ਜੀ ਆਪਣੇ ਆਪ ਦੀ ਵਿਸ਼ਾਲਤਾ ਨੂੰ ਨਿਮਰਤਾ ਸਹਿਤ, ਭਾਰਤ ਦੀ ਇਤਿਹਾਸਿਕ, ਧਾਰਮਿਕ, ਸਮਾਜਿਕ ਤੇ ਅਧਿਆਤਮਿਕ ਪ੍ਰਾਪਤੀ ਦੇ ਚਰਨਾਂ ਦੀ ਧੂੜ ਸਮਝਦੇ ਰਹੇ। ਭਗਤ ਜੀ ਨੇ ਆਪਣੇ ਜੀਵਨ ਨੂੰ ਧਾਰਮਿਕ, ਅਧਿਆਤਮਿਕ ਅਤੇ ਕ੍ਰਿਆਤਮਕ ਬਣਾ ਲਿਆ। ਉਹਨਾਂ ਦੁਆਰਾ ਕੀਤੀ ਸੇਵਾ-ਸਾਧਨਾ ਵਿੱਚ ਕਿਤੇ ਅਕੇਵਾਂ ਨਹੀਂ, ਕਿਤੇ ਰੋਸ ਨਹੀਂ, ਕਿਸੇ ਵੰਨੇ ਕੋਈ ਸ਼ਿਕਵਾ ਤੇ ਸ਼ਿਕਾਇਤ ਨਹੀਂ। ਉਹਨਾਂ ਦਾ ਜੀਵਨ ਇਕ ਨਿਰੰਤਰ ਯਾਤਰਾ ਰਿਹਾ। ਉਹਨਾਂ ਦਾ ਜੀਵਨ ਅਡੋਲ ਉਦੇਸ਼ ਅਤੇ ਧਾਰਮਿਕ ਆਦਰਸ਼ ਬਣਿਆ ਰਿਹਾ। ਇਸ ਪ੍ਰਕਾਰ ਦੀ ਨਿਰੰਤਰ ਯਾਤਰਾ ਵਿੱਚ ਕਿੰਨੀਆਂ ਹੀ ਰੁਕਾਵਟਾਂ ਆਉਂਦੀਆਂ ਰਹੀਆਂ; ਪਰ ਭਗਤ ਜੀ ਦੀ ਮਹਾਨਤਾ ਤੇ ਮਹੱਤਤਾ ਇਸ ਦ੍ਰਿਸ਼ਟੀ ਅਤੇ ਦਿਸ਼ਾ ਵਿੱਚੋਂ ਸਹਿਜੇ ਹੀ ਜਾਣੀ ਜਾ ਸਕਦੀ ਹੈ। ਉਹਨਾਂ ਦੇ ਮਨ ਵਿੱਚ ਕਿਸੇ ਲਈ ਕੋਈ ਰੋਸ ਨਹੀਂ ਸੀ।

ਦਰਵੇਸ਼, ਫ਼ਕੀਰ ਤੇ ਭਗਤ ਹੀ ਪ੍ਰਤਿਕੂਲ ਨੂੰ ਅਨੁਕੂਲ ਬਣਾ ਸਕਦਾ ਹੈ । ਆਮ ਆਦਮੀ ਤਾਂ ਪ੍ਰਤਿਕੂਲ ਨਾਲ ਲੜਦਾ ਝਗੜਦਾ ਤੇ ਵੈਰ-ਵਿਰੋਧ ਕਰਦਾ ਰਹਿੰਦਾ ਹੈ । ਇਸ ਭਾਵਨਾ ਲਈ ਇਕ ਉਦਾਹਰਣ ਸਾਫ਼ ਹੈ ਕਿ ਪਿੰਗਲਵਾੜਾ ਅੰਮ੍ਰਿਤਸਰ ਦੀ ਸਾਧਨਾ ਤੇ ਸਥਾਪਨਾ ਪ੍ਰਤਿਕੂਲ ਸਥਿਤੀਆਂ ਵਿੱਚੋਂ ਅਨੁਕੂਲ ਦੇ ਸਰੂਪ ਦਾ ਸਬੂਤ ਬਣ ਕੇ ਹੋਈ । ਭਗਤ ਵਿੱਚ ਸ਼ਰਧਾ ਹੁੰਦੀ ਹੈ ਤੇ ਸੰਤ ਵਿੱਚ ਜਾਗ੍ਰਿਤੀ । ਭਗਤ ਪੂਰਨ ਸਿੰਘ ਜੀ ਹੋਰਾਂ ਕੋਲ ਸ਼ਰਧਾ ਦੇ ਨਾਲ-ਨਾਲ ਜਾਗ੍ਰਿਤੀ ਵੀ ਸੀ । ਉਹ ਆਪਣੀ ਜਾਗ੍ਰਿਤ ਅਵਸਥਾ ਸਦਕਾ ਆਪਣੇ ਸਮਕਾਲੀ ਸਮਾਜ ਨੂੰ ਚੇਤਨ ਕਰਨ ਲਈ ਲੋਕ-ਪੱਖੀ ਸਾਹਿਤ ਪ੍ਰਕਾਸ਼ਿਤ ਕਰਵਾ ਕੇ ਮੁਫ਼ਤ ਵੰਡਦੇ ਰਹੇ ।

ਨਿਰਸੰਦੇਹ ਫ਼ਕੀਰ ਦਾ ਸ਼ਾਬਦਿਕ ਅਰਥ ਕੰਗਾਲ ਤੇ ਨਿਰਧਨ ਹੁੰਦਾ ਹੈ; ਪਰ ਇਹ ਕੰਗਾਲੀ ਤੇ ਨਿਰਧਨਤਾ ਪਰਮ-ਸਰੂਪ ਦੀ ਸਾਧਨਾ ਵਿੱਚੋਂ ਅਰਜਿਤ ਕੀਤੀ ਜਾਂਦੀ ਹੈ । ਇਸ ਕੰਗਾਲੀ ਵਿੱਚ ਬਾਦਸ਼ਾਹਤ ਹੁੰਦੀ ਹੈ । ਇਸ ਨਿਰਧਨਤਾ ਵਿੱਚ ਅਮੀਰੀ ਹੁੰਦੀ ਹੈ ।

**-ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥**

**(ਅੰਗ ੧੨੮੭)**



ਫ਼ਕੀਰ ਦੀ ਪਦਵੀ ਦੀ ਮਹਾਨਤਾ ਨੂੰ ਸਵੀਕਾਰ ਕਰਦਿਆਂ ਬਾਣੀ ਫ਼ਕੀਰ ਨੂੰ ਨਿਰਦੋਸ਼ ਹੀ ਨਹੀਂ ਸਮਝਦੀ ਸਗੋਂ ਉਸ ਨੂੰ ਦੋਸ਼ ਤੇ ਨਿਰਦੋਸ਼ ਦੇ ਸੰਸਾਰਿਕ ਚੱਕਰ ਤੋਂ ਉੱਪਰ ਸਮਝਦੀ ਹੈ । ਇਸ ਮਨੋਰਥ ਦੀ ਪੂਰਤੀ ਲਈ ਬਾਣੀ ਦਾ ਕਥਨ ਹੈ ।

**-ਪੂਰੈ ਗੁਰਿ ਬਖਸਾਈਅਹਿ ਸਭਿ ਗੁਨਹ ਫਕੀਰੈ॥**

**(ਅੰਗ ੧੦੧੨)**

ਜਿੰਨੀਆਂ ਵੀ ਮਾੜੀਆਂ ਤੇ ਮੰਦੀਆਂ ਘਟਨਾਵਾਂ ਘਟਦੀਆਂ ਹਨ ਜਾਂ ਵਾਪਰਦੀਆਂ ਹਨ ਉਨ੍ਹਾਂ ਪਿੱਛੇ ਅਰਧ-ਚੇਤਨ ਮਨੁੱਖ ਦਾ ਹੱਥ ਹੁੰਦਾ ਹੈ । ਇਸ ਪ੍ਰਕਾਰ ਦੇ ਬਹੁਤ ਸਾਰੇ ਮਾਨਵਵਾਦੀ ਮਨੋਰਥਾਂ ਨੂੰ ਲੈ ਕੇ ਤੁਰਨ ਵਾਲੀ ਭਗਤ ਜੀ ਦੇ ਜੀਵਨ ਦੀ ਯਾਤਰਾ ਦਾ ਮੂਲ-ਉਦੇਸ਼ ਇਕ ਅਜਿਹੇ ਸਮਾਜ ਦੀ ਸਿਰਜਣਾ ਕਰਨਾ ਸੀ ਜਿਹੜਾ ਸਵੱਛ, ਸੁੰਦਰ, ਸਵਾਸਥ ਤੇ ਸਾਤਵਿਕ ਹੋਵੇ।

## ਚੇਤਨ-ਸਰੂਪ ਭਗਤ ਜੀ

ਭਗਤ ਜੀ ਦੇ ਜੀਵਨ-ਵਿਵਹਾਰ ਵਿੱਚ ਕੇਵਲ ਸੇਵਾ ਹੀ ਨਹੀਂ ਸੀ ਸਗੋਂ ਉਹ ਆਪਣੀ ਚੇਤਨ-ਬੁੱਧੀ ਦੁਆਰਾ ਆਲੇ-ਦੁਆਲੇ ਦੀ ਬਦਸ਼ਕਲ ਸਥਿਤੀ ਨੂੰ ਸੁੰਦਰ ਸਰੂਪ ਵਿੱਚ ਤਬਦੀਲ ਕਰ ਦੇਣ ਲਈ ਮਾਨਵੀ ਮਾਨਸਿਕਤਾ ਨੂੰ ਪ੍ਰੇਰਿਤ ਕਰਦੇ ਰਹੇ । ਜਿਉਂ-ਜਿਉਂ ਅਸੀਂ ਭਗਤ ਜੀ ਦੇ ਜੀਵਨ ਅਤੇ ਉਹਨਾਂ ਦੁਆਰਾ ਰਚਿਤ ਸਾਹਿਤ ਪੜ੍ਹਦੇ ਹਾਂ ਤਿਉਂ-ਤਿਉਂ ਅਸਾਨੂੰ ਉਹਨਾਂ ਦੇ ਉਸ ਦਾਰਸ਼ਨਿਕ ਰਹੱਸ ਤੱਤ ਦਾ ਪਤਾ ਲੱਗਦਾ ਹੈ ਜਿਸ ਵਿੱਚੋਂ ਅਸਾਨੂੰ ਨਵੀਂ ਨਰੋਈ ਜ਼ਿੰਦਗੀ ਉਤਪੰਨ ਦਿੱਸਦੀ ਹੈ ।

ਡਾਕਟਰ ਇੰਦਰਜੀਤ ਕੌਰ ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ :) ਅੰਮ੍ਰਿਤਸਰ, ਹੋਰਾਂ ਨੇ ਭਗਤ ਜੀ ਦੀ ਨੇੜਤਾ ਵਿੱਚੋਂ ਜੋ ਕਥਨ ਪ੍ਰਾਪਤ ਕੀਤੇ ਉਹਨਾਂ ਕਥਨਾਂ ਦਾ ਬਿਰਤਾਂਤ ਇੰਞ ਬਣਦਾ ਹੈ —

"ਭਗਤ ਜੀ ਕਹਿੰਦੇ ਹੁੰਦੇ ਸਨ ਕਿ ਕਿਸੇ ਵੀ ਦੇਸ਼ ਦੀਆਂ ਤਿੰਨ ਸਮੱਸਿਆਵਾਂ ਹੁੰਦੀਆਂ ਹਨ—ਬੇਕਾਰੀ, ਅਨਪੜ੍ਹਤਾ ਤੇ ਵਧ ਰਹੀ ਅਬਾਦੀ । ਭਗਤ ਜੀ ਮਹਾਤਮਾ ਗਾਂਧੀ ਦਾ ਰਸਾਲਾ Young India ਲਾਹੌਰ ਦਿਆਲ

ਸਿੰਘ ਲਾਇਬਰੇਰੀ ਵਿੱਚ ਜਾ ਕੇ ਪੜ੍ਹਦੇ ਸਨ, ਜਿੱਥੋਂ ਉਹਨਾਂ ਨੇ ਬੇਕਾਰੀ ਦੂਰ ਕਰਨ ਦਾ ਹੱਲ ਲੱਭਿਆ । ਉਹਨਾਂ ਨੇ ਕਿਹਾ ਸਾਨੂੰ ਅਜਿਹੇ ਕਿੱਤੇ ਅਪਣਾਉਣੇ ਚਾਹੀਦੇ ਹਨ, ਜਿਸ ਵਿੱਚ ਵੱਧ ਤੋਂ ਵੱਧ ਇਨਸਾਨਾਂ ਨੂੰ ਕੰਮ ਮਿਲੇ, ਜਿਸ ਤਰ੍ਹਾਂ ਖੱਦਰ ਬੁਣਨਾ, ਕਾਰਖ਼ਾਨਿਆਂ ਦੀ ਥਾਂ ਛੋਟੀਆਂ ਘਰੇਲੂ ਦਸਤਕਾਰੀਆਂ ਅਪਣਾਉਣੀਆਂ । ਇਸ ਲਈ ਉਹਨਾਂ ਨੇ ਲੋਕਾਂ ਨੂੰ ਖੱਦਰ ਪਾਉਣ ਲਈ ਪ੍ਰੇਰਨਾ ਦਿੱਤੀ । ਮੈਨੂੰ ਉਹਨਾਂ ਨੇ ਇਸ ਤਰ੍ਹਾਂ ਸਮਝਾਇਆ, ਜਦੋਂ ਵੀ ਤੁਸੀਂ ਪੈਸਾ ਖ਼ਰਚੋ, ਤੁਹਾਡੇ ਮਨ ਵਿੱਚ ਇਹ ਫੁਰਨਾ ਆਉਣਾ ਚਾਹੀਦਾ ਹੈ ਕਿ ਇਹ ਕਮਾਈ ਗ਼ਰੀਬ ਆਦਮੀ ਤਕ ਪਹੁੰਚਣੀ ਚਾਹੀਦੀ ਹੈ । ਸੋ ਜੇ ਤੁਸੀਂ ਕਾਰਖ਼ਾਨੇ ਦਾ ਬਣਾਇਆ ਕੱਪੜਾ ਪਾਉਗੇ ਤਾਂ ਤੁਹਾਡਾ ਪੈਸਾ ਅਮੀਰ ਆਦਮੀ ਕੋਲ ਜਾਵੇਗਾ ।

ਸਭਿਆਚਾਰਕ ਚੇਤਨਾ ਦੇ ਖੇਤਰ ਵਿੱਚ ਭਗਤ ਜੀ ਦੀ ਇਹ ਭਾਵਨਾ ਸੁਦੇਸ਼ੀ ਅਤੇ ਸਵਦੇਸ਼ੀ ਦੇ ਪ੍ਰਕਰਣ ਨੂੰ ਉਲੀਕਦੀ ਦਿੱਸਦੀ ਹੈ । ਗੱਲ ਇੱਥੇ ਸਮਾਪਤ ਨਹੀਂ ਹੋ ਜਾਂਦੀ ਸਗੋਂ ਭਗਤ ਜੀ ਅੰਤਰ-ਰਾਸ਼ਟਰੀ ਖੇਤਰ ਵਿੱਚ ਬਾਹਰਲੀ ਦੁਨੀਆਂ ਦੇ ਸਿਫ਼ਤ ਵਾਲੇ ਸਦਗੁਣਾਂ ਨੂੰ ਸਵੀਕਾਰ ਕਰਨ ਦੀ ਕਥਾ ਕਹਿੰਦੇ ਵੀ ਨਜ਼ਰ ਆਉਂਦੇ ਹਨ । ਨਿਰਸੰਦੇਹ, ਅੱਜਕੱਲ੍ਹ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸਭਿਆਚਾਰਕ ਤਾਲਮੇਲ ਅਤੇ ਸੰਸਕ੍ਰਿਤਕ ਚੇਤਨਾ ਦੇ ਭਾਵ ਇਕਮਿਕ ਹੋ ਰਹੇ ਹਨ, ਪਰ ਕਿਸੇ ਪ੍ਰਦੇਸ਼ ਵਿਸ਼ੇਸ਼ ਦੀ ਭੂਗੋਲਿਕ ਸਥਿਤੀ ਵਿੱਚੋਂ ਜਨਮੀ ਆਰਥਿਕਤਾ ਅਤੇ ਭਾਵ ਧਾਰਾ ਦਾ ਦੂਜੇ ਖਿੱਤੇ ਨਾਲ ਸਭਿਆਚਾਰਕ ਮੁਕਾਬਲਾ ਕਰਨਾ ਅਜਾਈਂ ਜਾਵੇਗਾ; ਕਿਉਂਕਿ ਅਨੁਕੂਲ ਅਤੇ ਪ੍ਰਤਿਕੂਲ ਦੀ ਸੁਭਾਵਿਕ ਪ੍ਰਕਿਰਿਆ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਭਗਤ ਜੀ ਵਰਗੀ ਸਵੱਛ-ਸਾਧਨਾ ਨੇ ਆਪਣੇ ਇਸ ਮੁਲਕ ਦੇ ਸੁਭਾਅ ਦਾ ਸੰਸਾਰਿਕ, ਪਰਿਪੇਖ, ਪਹਿਚਾਣ ਕੇ ਮਾਨਵਵਾਦੀ ਕੀਮਤਾਂ ਨੂੰ ਅਪਣਾਇਆ ਸੀ । ਉਨ੍ਹਾਂ ਨੇ ਇਸ ਮੁਲਕ ਦੇ ਸਾਦਗੀ-ਭਰਪੂਰ ਸਭਿਆਚਾਰ ਨੂੰ ਮਾਨਤਾ ਦਿੰਦਿਆਂ, ਪ੍ਰਾਕ੍ਰਿਤਿਕ ਜੀਵਨ-ਪ੍ਰਣਾਲੀ ਨੂੰ ਪਹਿਲ ਦੇਣ ਦਾ ਪ੍ਰਚਾਰ ਕੀਤਾ।

ਅਸਾਡੇ ਇਸ ਮੁਲਕ ਉੱਤੇ ਪ੍ਰਕਿਰਤੀ ਭਾਵ ਕੁਦਰਤੀ ਵਰਦਾਨ ਦੀ ਬਹੁਤ ਵੱਡੀ ਕਿਰਪਾ ਹੈ। ਜੇਕਰ ਅਸੀਂ ਇਸ ਦਾਤ ਨੂੰ ਅਣਡਿੱਠ ਕਰਦੇ ਹਾਂ ਤਦ ਕਿਸੇ ਬਹੁਤ ਵੱਡੀ ਹਾਨੀਕਾਰਕ ਘਟਨਾ ਦੇ ਹੋਣ ਦਾ ਅੰਦੇਸ਼ਾ ਬਣਿਆ



ਰਹੇਗਾ । ਇਸ ਭਾਵ ਨੂੰ ਭਗਤ ਜੀ ਨੇ ਸਮਝਿਆ ਅਤੇ ਕੁਦਰਤੀ ਜੀਵਨ ਪ੍ਰਣਾਲੀ ਨੂੰ ਅਪਣਾਉਣ ਲਈ ਹੇਠ ਲਿਖੇ ਵਿਸ਼ਿਆਂ ਨੂੰ ਲੈ ਕੇ ਸਾਹਿਤ ਰਚਨਾ ਹੀ ਨਹੀਂ ਕੀਤੀ ਸਗੋਂ ਉਪਦੇਸ਼ ਦਿੱਤਾ-

੧. ਕੁਦਰਤੀ-ਵਿਵਹਾਰ ।

੨. ਕੁਦਰਤੀ ਜੀਵਨ-ਪ੍ਰਣਾਲੀ ।

੩. ਕੁਦਰਤੀ ਵਿਸ਼ਵਾਸ ।

੪. ਕੁਦਰਤੀ-ਕਰਮ ।

੫. ਕੁਦਰਤੀ ਚਿੰਤਨ ।

੬. ਕੁਦਰਤੀ ਰਹਿਤ-ਮਰਯਾਦਾ ।

੭. ਕੁਦਰਤੀ ਵਿਆਖਿਆ

੮. ਕੁਦਰਤੀ ਸੰਬੰਧ ।

੯. ਕੁਦਰਤੀ ਆਰਥਿਕਤਾ

੧੦. ਕੁਦਰਤੀ-ਪ੍ਰਕ੍ਰਿਆ

ਕੁਦਰਤੀ ਕਰਮ ਤੇ ਸਵਦੇਸ਼ੀ ਭਾਵ-ਧਾਰਾ ਦਾ ਵਰਣਨ ਕਰਦਿਆਂ ਭਗਤ ਜੀ ਲਿਖਦੇ ਹਨ ਕਿ ਇਸ ਲਿਖਤ ਦਾ ਅਧਾਰ ਉਨ੍ਹਾਂ ਦੇ ਅਧਿਐਨ ਵਿੱਚ ਪੈਦਾ ਹੋਇਆ । ਜਿਵੇਂ ਕਿ —

"Indian dress most suitable for entire mankind."

ਅਰਥਾਤ ਭਾਰਤ ਦੇ ਬੰਦਿਆਂ ਦੀ ਪੁਸ਼ਾਕ ਸਾਰੀ ਦੁਨੀਆਂ ਦੇ ਅਨੁਕੂਲ ਹੈ। ਲੇਖਕ ਨੇ ਲਿਖਿਆ ਸੀ ਕਿ ਮੈਂ ਜਿਸ ਦਿਨ ਤੋਂ ਜਨਮ ਲੈ ਕੇ ਦਿਨ ਦਾ ਚਾਨਣਾ ਵੇਖਿਆ ਹੈ ਉਦੋਂ ਤੋਂ ਲੈ ਕੇ ਮੈਂ ਸਦਾ ਅੰਗਰੇਜ਼ਾਂ ਵਾਲੀ ਪੁਸ਼ਾਕ ਹੀ ਪਹਿਨਦਾ ਰਿਹਾ ਹਾਂ ਤੇ ਮੈਂ ਇਹ ਮੰਨਦਾ ਹਾਂ ਕਿ ਅਜਿਹਾ ਕਰਨਾ ਮੇਰੀ ਬਹੁਤ ਵੱਡੀ ਮੂਰਖਤਾ ਸੀ, ਕਿਉਂਕਿ ਉਸ ਪੁਸ਼ਾਕ ਨੂੰ ਪਹਿਨਦਾ ਹੋਇਆ ਮੈਂ ਆਪਣੇ ਆਪ ਨੂੰ ਹਾਕਮ ਕੌਮ ਦਾ ਬੰਦਾ ਅੰਗਰੇਜ਼ ਹੀ ਗਿਣਦਾ ਹੁੰਦਾ ਸਾਂ । ਉਸ ਨੇ ਲਿਖਿਆ ਹੈ ਕਿ ਪੁਸ਼ਾਕ ਦਾ ਮਨੁੱਖ ਦੇ ਮਨ 'ਤੇ ਅਜਿਹਾ ਪ੍ਰਭਾਵ ਪੈਂਦਾ ਹੈ ਕਿ ਬੰਦਾ ਆਪਣੇ ਦੇਸ਼ ਵਿੱਚ ਜੰਮਿਆਂ ਪਲਿਆ ਤੇ ਰਹਿਣ ਵਾਲਾ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਉਸ ਦੇਸ਼ ਦਾ ਸਮਝਣ ਲੱਗ ਪੈਂਦਾ

ਹੈ ਜਿਸ ਦੇਸ਼ ਦੀ ਪੁਸ਼ਾਕ ਉਸਨੇ ਪਹਿਨੀ ਹੋਵੇ । ਜੇਕਰ ਉਹਨਾਂ ਦਿਨਾਂ ਵਿੱਚ ਮੈਂ ਭਾਰਤ ਦੇ ਕਿਸੇ ਬੰਦੇ ਨੂੰ ਹਿੰਦੁਸਤਾਨੀ ਪੁਸ਼ਾਕ ਪਹਿਨੀ ਹੋਈ ਦੇਖਿਆ ਕਰਦਾ ਸਾਂ ਤਾਂ ਮੈਂ ਉਸ ਨੂੰ (barbarian) ਉਜੱਡ ਬੰਦਾ ਗਿਣਦਾ ਹੁੰਦਾ ਸਾਂ। ਮੈਂ ਵੀ ਦੇਸ਼ ਭਗਤ ਸਾਂ ਤੇ ਦੇਸ਼ ਦੀ ਅਜ਼ਾਦੀ ਲਈ ਤੜਫ਼ਦਾ ਰਹਿੰਦਾ ਹੁੰਦਾ ਸਾਂ। ਆਜ਼ਾਦੀ ਦੇ ਉਸ ਅੰਦੋਲਨ ਵਿੱਚ ਦੂਜੇ ਦੇਸ਼ ਦੀਆਂ ਬਣੀਆਂ ਚੀਜ਼ਾਂ ਨੂੰ ਨਾ ਵਰਤਣਾ ਤੇ ਦੇਸੀ ਸਭਿਆਚਾਰ ਅਨੁਸਾਰ ਜਿਊਣਾ ਅੰਦੋਲਨ ਦੇ ਕਾਰਯਕਰਮ ਦਾ ਇਕ ਜ਼ਰੂਰੀ ਹਿੱਸਾ ਗਿਣਿਆ ਗਿਆ ਸੀ । ਪੁਸ਼ਾਕ ਵੀ ਸਭਿਆਚਾਰ ਦਾ ਹਿੱਸਾ ਹੁੰਦੀ ਹੈ । ਮੈਂ ਇਸ ਲੇਖ ਦਾ ਪ੍ਰਚਾਰ ਕਰਨਾ ਸੀ ਕਿਉਂਕਿ ਇਹ ਭਗਤੀ ਦਾ ਕੰਮ ਸੀ ।" ਕਹਾਣੀਆਂ ਭਾਗ ਪਹਿਲਾ ਪੰਨਾ ੨੧੪

ਸੰਸਾਰਿਕ ਪ੍ਰਕ੍ਰਿਆ ਵਿੱਚ ਕੁਦਰਤੀ ਰਹਿਣ-ਸਹਿਣ ਨਾਲ ਮਨੁੱਖ ਗੁਰਮੁੱਖ ਬਣਿਆ ਰਹਿ ਸਕਦਾ ਹੈ । ਜਿਉਂ-ਜਿਉਂ ਕੁਦਰਤ ਨਾਲ ਮਨੁੱਖ ਵਧੀਕੀ ਕਰਦਾ ਹੈ ਤਿਉਂ-ਤਿਉਂ ਮਨੁੱਖ ਦੇ ਕੁਦਰਤੀ ਸੰਕਲਪ ਅਤੇ ਸਿਧਾਂਤ ਟੁੱਟ-ਫੁੱਟ ਜਾਂਦੇ ਹਨ ਤੇ ਇੰਵ ਸਮਾਜਿਕ-ਸਥਿਤੀਆਂ ਵਿੱਚੋਂ ਕੁਦਰਤੀ ਰੰਗ ਅਲੋਪ ਹੋ ਜਾਂਦੇ ਹਨ । ਇਸ ਤਰ੍ਹਾਂ ਦੀਆਂ ਡੂੰਘੀਆਂ-ਡੂੰਘੀਆਂ ਗੱਲਾਂ ਦੀ ਜਾਣਕਾਰੀ ਰੱਖਣ ਵਾਲੀ ਭਗਤ ਜੀ ਦੀ ਭਾਵਨਾ ਨੇ ਪੰਜਾਬੀਅਤ ਨੂੰ ਦਰਪੇਸ਼ ਫ਼ੈਸ਼ਨਵਾਦੀ ਪਾਖੰਡ ਦੇ ਖ਼ਤਰੇ ਤੋਂ ਖ਼ਬਰਦਾਰ ਕੀਤਾ । ਆਪਣੇ ਇਸ ਉਦੇਸ਼ ਦੇ ਪ੍ਰਚਾਰ ਹਿੱਤ ਭਗਤ ਜੀ ਨੇ ਫਲਾਂ ਦੇ ਵਿਲੱਖਣ ਲਾਭਦਾਇਕ ਤੱਤਾਂ ਲਈ ਲੇਖ ਲਿਖੇ ਤਾਂ ਕਿ ਲੋਕ-ਬੁੱਧ ਉਨ੍ਹਾਂ ਦੀਆਂ ਗੁਣਕਾਰੀ ਗੱਲਾਂ ਨੰ ਅਪਣਾ ਲਵੇ।

ਭਗਤ ਜੀ ਦਾ ਪ੍ਰਯਤਨ ਸੀ ਕਿ ਮਨੁੱਖ, ਮਾਨਵਵਾਦੀ ਕੀਮਤਾਂ ਦੀ ਕਦਰ ਕਰੇ । ਚੇਤਨਾ ਦਾ ਸੰਸਕਰਣ, ਮਨੁੱਖ ਅੰਦਰਲੇ ਅਪ੍ਰਕਾਸ਼ਿਤ ਗੁਣਾਂ ਨੂੰ ਪ੍ਰਕਾਸ਼ ਵਿੱਚ ਲੈ ਕੇ ਆਉਂਦਾ ਹੈ । ਸੰਤ ਸੁਭਾਅ ਦੀ ਇਹ ਖ਼ੂਬੀ ਹੁੰਦੀ ਹੈ ਕਿ ਉਹ ਆਪਣੇ ਆਲੇ-ਦੁਆਲੇ ਤੋਂ ਅਭਿੱਜ ਅਤੇ ਅਛੂਤਾ ਨਹੀਂ ਰਹਿ ਸਕਦਾ। ਭਗਤ ਸਾਧਾਰਣ ਬਿੰਦੂ ਤੋਂ ਤੁਰਦਾ-ਤੁਰਦਾ ਬ੍ਰਹਿਮੰਡ ਦੀ ਵਿਸ਼ਾਲਤਾ ਨਾਲ ਆਪਣੇ ਸਰੋਕਾਰ ਸਿਰਜ ਲੈਂਦਾ ਹੈ । ਇਸ ਦਾ ਅਰਥ ਇਹ ਨਹੀਂ ਬਣਦਾ ਕਿ ਭਗਤ ਨੂੰ ਸੰਸਾਰ ਦੇ ਉਪਦਰੱਵ ਦੀ ਜਾਣਕਾਰੀ ਨਹੀਂ ਹੁੰਦੀ ।

"ਨਾਕਸ ਕਾਨੂੰਨਾਂ ਤੇ ਰਿਵਾਜਾਂ ਨੂੰ ਸੇਵਾ ਦੇ ਰਾਹ ਵਿੱਚ ਨਹੀਂ ਖਲੋਣ ਦੇਣਾ ਚਾਹੀਦਾ । ਬੰਦੇ ਦੀ ਸਿੱਧੀ ਸੇਵਾ—ਸ਼੍ਰੇਣੀ-ਭੇਦ, ਦੇਸ਼-ਭੇਦ ਤੇ ਧਰਮ



ਦੀਆਂ ਬਣਾਉਟੀ ਹੱਦਾਂ ਨੂੰ ਟੱਪ ਜਾਂਦੀ ਹੈ । ਇਹ ਬੰਦੇ ਲਈ ਦੂਜੇ ਭਰਾ -ਬੰਦੇ ਅਤੇ ਇਸਤਰੀ ਲਈ ਦੂਜੀ ਭੈਣ-ਇਸਤਰੀ ਦੇ ਹਿਰਦੇ ਤਕ ਸਿੱਧਾ ਰਾਹ ਕੱਢਦੀ ਹੈ। ਸੇਵਾ—ਇਕ-ਪੁਰਖੀ ਬਾਦਸ਼ਾਹ ਦੇ ਰਾਜ ਵਿੱਚ ਆਪਣਾ ਚਮਤਕਾਰ ਵਿਖਾ ਸਕਦੀ ਹੈ ਅਤੇ ਲੋਕ ਰਾਜ ਵਿੱਚ ਵੀ; ਨੌਕਰਸ਼ਾਹੀ, ਰਜਵਾੜਾਸ਼ਾਹੀ, ਸਰਮਾਏਦਾਰੀ ਵਿੱਚ ਵੀ; ਕਮਿਊਨਿਸਟ, ਰੂਸ ਅਤੇ ਅਮਰੀਕਾ ਦੇ ਅਨਿਕ-ਸ਼੍ਰੇਣੀ ਰਾਜ ਵਿੱਚ ਵੀ । ਸੇਵਾ, ਮੁਸਲਮਾਨਾਂ ਤੇ ਈਸਾਈਆਂ ਵਿੱਚ ਵੀ ਸੁਖ ਤੇ ਬਰਕਤ ਵਸਾਂਦੀ ਹੈ ਅਤੇ ਹਿੰਦੂਆਂ ਤੇ ਬੋਧੀਆਂ ਵਿੱਚ ਵੀ, ਆਜ਼ਾਦ ਨਾਸਤਿਕਾਂ ਵਿੱਚ ਵੀ ਤੇ ਬੰਦਸ਼ਾਂ ਭਰੇ ਵਹਿਸ਼ੀਆਂ ਵਿੱਚ ਵੀ ।

ਜਿੱਥੇ ਦੁੱਖ ਤੇ ਪੀੜਾ ਹੈ ਉੱਥੇ ਹੀ ਹੱਥੀਂ ਸੇਵਾ ਸਦਾ ਹਾਜ਼ਰ ਹੈ। ਇਸ ਸੇਵਾ ਵਿੱਚ ਦੂਹਰੀ ਬਰਕਤ ਹੈ—ਜੋ ਸੇਵਾ ਕਰਦਾ ਹੈ ਉਸ ਨੂੰ ਤਾਂ ਬਰਕਤ ਪੈਂਦੀ ਹੀ ਹੈ, ਸੇਵਾ ਦੇ ਪਾਤਰ ਨੂੰ ਵੀ ਬਰਕਤ ਪ੍ਰਾਪਤ ਹੁੰਦੀ ਹੈ।

ਹੱਥੀਂ ਸੇਵਾ ਨਿਯਮਾਂ ਤੇ ਕਾਨੂੰਨਾਂ, ਸੰਸਥਾਵਾਂ ਤੇ ਵਿਧਾਨਾਂ ਦੀ ਉਡੀਕ ਨਹੀਂ ਕਰਦੀ, ਇਹ ਅਜ਼ਾਦ ਹੁੰਦੀ ਹੈ ਤੇ ਦਇਆ ਦੇ ਖੰਭ ਲਾ ਕੇ ਉੱਡ ਕੇ ਲੋੜਵੰਦਾਂ ਪਾਸ ਸਿੱਧੀ ਪਹੁੰਚਦੀ ਹੈ, ਕਾਨੂੰਨ ਤੇ ਨੀਤੀ ਦੇ ਗੋਰਖ ਧੰਦਿਆਂ ਦੇ ਵਿੰਗੇ ਟੇਢੇ ਭੁਲਾਵੇਂ ਰਾਹਾਂ ਤੋਂ ਘਸੀਟਦੀ ਰੀਂਘਦੀ ਨਹੀਂ ਆਉਂਦੀ । ਇਹ ਸਾਊ ਮਰਦਾਂ ਤੇ ਇਸਤਰੀਆਂ ਦੇ ਸਾਊ ਹਿਰਦਿਆਂ ਵਿੱਚੋਂ ਤਾਜ਼ਾ ਤੇ ਚਮਕਾਂ ਮਾਰਦੀ ਆਉਂਦੀ ਹੈ । ਇਹ ਬਹਿਸ ਦੀਆਂ ਪਾਰਲੀਮੈਂਟਾਂ ਤੇ ਉਤਸ਼ਾਹ-ਮਾਰੂ ਨੌਕਰਸ਼ਾਹੀਆਂ ਦੇ ਨਿਰਾਸ਼ ਭਰੇ ਸੁਸਤ ਰਾਹਾਂ ਤੋਂ ਲੰਘ ਕੇ ਉੱਲੀ ਮਾਰੀ ਹੋ ਕੇ ਨਹੀਂ ਆਉਂਦੀ ।

ਸੇਵਾ, ਸ਼੍ਰੇਣੀਆਂ ਤੇ ਵਿਅਕਤੀਆਂ ਦੇ ਭੇਦਾਂ ਤੇ ਵਿਤਕਰਿਆਂ ਨੂੰ ਸੋਚਣ ਨਹੀਂ ਬਹਿੰਦੀ, ਇਹ ਪ੍ਰਾਣੀ-ਮਾਤਰ ਦੇ ਬੁੱਢਿਆਂ, ਬੱਚਿਆਂ, ਮਰਦਾਂ, ਇਸਤਰੀਆਂ ਦੁਖੀਆਂ ਦੀ ਬਾਂਹ ਫੜਨ ਨੂੰ ਭੱਜ ਆਉਂਦੀ ਹੈ—ਕਿਸੇ ਇਕ ਦੇਸ਼, ਇਕ ਮਜ਼੍ਹਬ ਜਾਂ ਇਕ ਜਾਤੀ ਦੇ ਨਾਤੇ ਨਹੀਂ ਸਗੋਂ ਮਨੁੱਖ ਮਾਤਰ ਦੇ ਨਾਤੇ । ਇਹ ਕੇਵਲ ਇਕੋ ਰਿਸ਼ਤਾ ਮੰਨਦੀ ਹੈ ਮਾਨਵਤਾ ਦਾ, ਇਕ ਮਨੋਰਥ ਮੁੱਖ ਰੱਖਦੀ ਹੈ ਪ੍ਰੇਮ ਦਾ, ਇਕੋ ਸੱਦਾ ਸੁਣਦੀ ਹੈ ਮਨੁੱਖੀ ਪੀੜਾ ਦਾ ।"

ਕਹਾਣੀਆਂ ਭਾਗ ਪਹਿਲਾ ਪੰਨਾ ੧੪੨,੪੩

ਸੰਤ ਸੁਭਾਅ ਵਾਸਤੇ, ਸਮਾਜ ਕਿਰਿਆ ਖੇਤਰ ਹੁੰਦਾ ਹੈ; ਪਰ ਸਮਾਜ ਉਸ ਲਈ ਕੋਈ ਅਜਿਹੀ ਜਕੜ ਨਹੀਂ ਜਕੜ ਸਕਦਾ ਜਿਸ ਵਿੱਚ ਭਗਤ ਦਾ ਸੁਤੰਤਰ ਆਪਾ ਜਕੜਿਆ ਜਾਵੇ । ਭਗਤ ਪੂਰਨ ਸਿੰਘ ਜੀ ਦ੍ਰਿੜ੍ਹ

ਸੰਸਕਾਰਾਂ ਦੀ ਸਾਕਾਰ ਮੂਰਤੀ ਬਣਕੇ ਕਿਰਿਆਸ਼ੀਲ ਰਹੇ, ਭਗਤ ਜੀ ਦੀ ਸਮੁੱਚੀ ਸ਼ਖ਼ਸੀਅਤ ਦੇ ਆਲੇ-ਦੁਆਲੇ, ਸੇਵਾ, ਸ਼ਰਧਾ, ਤਪ ਤਪੱਸਿਆ ਅਤੇ ਤਾਜ਼ਗੀ ਦੀ ਆਭਾ ਨਾਚ ਨੱਚਦੀ ਰਹੀ ।

ਪ੍ਰਬੁੱਧ ਵਿਅਕਤੀ ਆਪਣੇ ਸੰਸਕਾਰਾਂ ਦੁਆਰਾ ਨਵੀਨਤਮ ਤੇ ਸੰਘਰਸ਼-ਸ਼ੀਲ ਸਿਰਜਣਾ ਹੀ ਨਹੀਂ ਕਰਦੇ ਸਗੋਂ ਆਪਣੇ ਸਮੇਂ ਦੇ ਸਮਾਜ ਨੂੰ ਨਵੇਂ ਸੰਸਕਾਰ ਵੀ ਪ੍ਰਦਾਨ ਕਰਦੇ ਰਹਿੰਦੇ ਹਨ । ਇਸ ਸਿਲਸਿਲੇ ਦਾ ਰਹੱਸ ਸਾਧੂ-ਪੁਰਸ਼ ਦੀ ਜੀਵਨ ਜਾਂਚ ਵਿੱਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ । ਨਿਰਸੰਦੇਹ ਭਗਤ ਪੂਰਨ ਸਿੰਘ ਹੋਰਾਂ ਨੇ ਸੇਵਾ-ਭਾਵ ਦੀ ਭਾਵ-ਧਾਰਾ ਆਪਣੀ ਮਾਤਾ ਜੀ ਅਤੇ ਗੁਰਦੁਆਰਿਆਂ ਦੀ ਪਵਿੱਤਰ ਪਰੰਪਰਾ ਤੇ ਪਰਣਾਲੀ ਤੋਂ ਗ੍ਰਹਿਣ ਕੀਤੀ; ਪਰ ਸੇਵਾ-ਭਾਵ ਦੇ ਸੰਕਲਪ ਨੂੰ ਸਥਾਪਿਤ ਕਰਨ ਵਿੱਚ ਜਿਸ ਘਾਲਣਾ, ਪੁਰਸ਼ਾਰਥ, ਪ੍ਰੇਮ, ਲਗਨ, ਸਾਧਨਾ, ਸਮੱਸਿਆਵਾਂ, ਸੋਚ, ਸਪੱਸ਼ਟਤਾ ਤੇ ਸਹਿਜ ਭਾਵ ਦੀ ਲੋੜ ਪਈ, ਉਸ ਖ਼ਾਤਰ, ਭਗਤ ਪੂਰਨ ਸਿੰਘ ਜੀ ਅਕਾਲ ਵਿਸ਼ਵਾਸ ਨੂੰ ਆਪਣੇ ਨਾਲ ਲੈ ਕੇ ਤੁਰੇ ।

ਇਸ ਧਰਤੀ ਉੱਤੇ ਜਾਤਾਂ, ਗੋਤਾਂ, ਮਰਯਾਦਾ, ਮਹਿਫ਼ਲਾਂ, ਮਖ਼ਸੂਸ-ਸਿਲਸਿਲਿਆਂ, ਸੰਪ੍ਰਦਾਇਕ ਵਿਵਹਾਰਾਂ, ਨਸਲਾਂ, ਫ਼ਸਲਾਂ ਫ਼ਾਸਲਿਆਂ ਆਦਿ ਸਦਕਾ ਸਭਿਆਚਾਰਕ ਤੇ ਸੰਸਕ੍ਰਿਤਕ ਵਿਤਕਰਾ ਬਣੇ ਹੋਏ ਹਨ, ਪਰ ਸਮੁੱਚੀ ਕਾਇਨਾਤ ਵਿੱਚ ਜਿਹੜੀ ਇਕ ਵਸਤੂ ਸਾਂਝੀ ਹੈ ਉਹ ਹੈ ਪ੍ਰਾਣ । ਪ੍ਰਾਣਾਂ ਨੂੰ ਪ੍ਰਣਾਲੀਆਂ ਵਿੱਚ ਵੰਡਿਆ ਨਹੀਂ ਜਾ ਸਕਦਾ । ਪ੍ਰਾਣਾਂ ਦੀ ਚੀਸ ਨੂੰ ਵੱਖ-ਵੱਖ ਕਰਕੇ ਮੁਸਲਮਾਨ ਪ੍ਰਾਣ, ਹਿੰਦੂ ਪ੍ਰਾਣ, ਸਿੱਖ ਪ੍ਰਾਣ, ਈਸਾਈ ਪ੍ਰਾਣ, ਯਹੂਦੀ ਪ੍ਰਾਣ ਆਦਿ ਆਖਿਆ ਨਹੀਂ ਜਾ ਸਕਦਾ । ਪ੍ਰਾਣ ਦਾ ਪ੍ਰਣ ਜ਼ਿੰਦਗੀ ਵਾਲਾ ਹੁੰਦਾ ਹੈ । ਭਗਤ ਪੂਰਨ ਸਿੰਘ ਇਸ ਤੱਤ ਨੂੰ ਸਮਝਦੇ ਹੋਏ, ਸਾਂਝੀਵਾਲਤਾ ਦੇ ਮੁਦਈ ਬਣੇ ਰਹੇ ।

ਭਗਤ ਪੂਰਨ ਸਿੰਘ ਜੀ ਇਕ ਅਜਿਹੀ ਆਧੁਨਿਕ ਪਰੰਪਰਾ ਸੀ ਜਿਸਨੇ 'ਪਿੰਗਲਵਾੜਾ' ਵਰਗੀ ਉਪਯੋਗੀ ਸੰਸਥਾ ਨੂੰ ਸਥਾਪਿਤ ਕੀਤਾ । ਪਰੰਪਰਾ ਵਿੱਚ ਸੰਸਕ੍ਰਿਤੀ ਦਾ ਪ੍ਰਕਾਸ਼ ਹੁੰਦਾ ਹੈ। ਸੰਸਕ੍ਰਿਤੀ ਦੇ ਪ੍ਰਕਾਸ਼ ਤੋਂ ਬਿਨਾਂ ਪਰੰਪਰਾ ਪਾਖੰਡ ਬਣ ਸਕਦੀ ਹੈ। ਪਰੰਪਰਾ ਨੂੰ ਜਦੋਂ ਅਸੀਂ ਕੇਵਲ ਪੂਜਨੀਕ ਬਣਾ ਕੇ ਉਸ ਦੀ ਪੂਜਾ ਕਰਨ ਬੈਠ ਜਾਂਦੇ ਹਾਂ ਤਦ ਵਿਚਾਰ ਦੀ ਥਾਂ ਅੰਧ-ਵਿਸ਼ਵਾਸ ਪ੍ਰਧਾਨ ਹੋ ਜਾਂਦਾ ਹੈ। ਵਿਸ਼ਵਾਸ ਦਾ ਮੂਲ ਤਾਂ



ਸਿਰਜਣਾਤਮਿਕ ਹੁੰਦਾ ਹੈ ਪਰ ਵਿਸ਼ਵਾਸ ਦਾ ਵਿਵਹਾਰਿਕ ਤੇ ਸੰਸਾਰਿਕ ਰੂਪ, ਸੰਤ ਸਰੂਪ ਦ੍ਰਿਸ਼ਟੀ ਤੋਂ ਬਿਨਾਂ ਅੰਧ-ਵਿਸ਼ਵਾਸ ਅਤੇ ਰੂੜੀਵਾਦੀ ਬਣ ਕੇ ਰਵਾਇਤੀ ਕਿਸਮ ਦੇ ਕਰਮ ਨੂੰ ਅੱਗੇ ਰੱਖਦਾ ਰਹਿੰਦਾ ਹੈ । ਇੱਥੇ ਆ ਕੇ ਪ੍ਰੰਪਰਾਗਤ-ਦ੍ਰਿਸ਼ਟੀ ਦੀ ਨਿੰਦਾ ਕਰਨ ਵਾਲਾ ਭਾਵ ਬੋਧ ਇਸ ਮੁਗਾਲਤੇ ਦਾ ਸ਼ਿਕਾਰ ਬਣ ਬੈਠਦਾ ਹੈ ਕਿ ਉਸ ਨੂੰ ਸੰਸਕ੍ਰਿਤੀ ਵਿੱਚੋਂ ਜਨਮੀ ਪਰੰਪਰਾ ਦੇ ਗੁਣਾਂ ਦਾ ਗਿਆਨ ਨਹੀਂ ਰਹਿੰਦਾ । ਭਗਤ ਜੀ ਪਰੰਪਰਾ ਦੇ ਗੁਣਾਂ ਨੂੰ ਅਪਣਾਉਂਦੇ ਹੋਏ ਯੋਗੀ ਬਣੇ ਰਹੇ । ਸਵੱਛ-ਚਿੰਤਨ ਉੱਤੇ ਸੰਤ ਸਾਧਨਾ ਦੇ ਦਰਵੇਸ਼ ਵਿਵਹਾਰਕ ਸ਼ਰਧਾ ਅਤੇ ਸਮਰਪਣ ਤੋਂ ਬਿਨਾਂ ਪੂਰਨ ਨਹੀਂ ਹੋ ਸਕਦੇ । ਸਵੱਛ ਤੇ ਸਹਿਜ-ਚਿੰਤਨ, ਸ਼ਰਧਾ ਤੇ ਸਮਰਪਣ ਵਾਲੀ ਸੰਤ-ਸਾਧਨਾ ਦਾ ਸਾਤਵਿਕ ਕਰਮ ਕਰਨ ਵਾਲੇ ਜਜ਼ਬੇ ਨੂੰ ਭਗਤੀ ਕਿਹਾ ਜਾ ਸਕਦਾ ਹੈ । ਸੋ ਹੁਣ ਇਸ ਗੱਲ ਨੂੰ ਸਮਝਣ ਵਿੱਚ ਕੋਈ ਔਖ ਨਹੀਂ ਰਹਿਣੀ ਚਾਹੀਦੀ ਕਿ ਭਗਤ ਕੌਣ ਹੁੰਦਾ ਹੈ ।

ਭਗਤ ਤੇ ਭਗਤੀ ਨੂੰ ਸਮਝਣ ਲਈ ਤਰਕ ਦੀ ਥਾਵੇਂ ਭਾਵਨਾਵਾਂ ਦੀ ਪਰਕਰਮਾ ਕਰਨੀ ਬਣਦੀ ਹੈ । ਭਗਤ ਪੂਰਨ ਸਿੰਘ ਜੀ ਭਾਵਨਾਵਾਂ ਨਾਲ ਭਰਿਆ ਹੋਇਆ ਸ਼ਾਂਤ-ਸਾਗਰ ਸਨ । ਭਾਵਨਾ ਅਤੇ ਤਰਕ ਨੂੰ ਹੋਰ ਵਧੇਰੇ ਸਪੱਸ਼ਟਤਾ ਨਾਲ ਸਮਝਣ ਲਈ ਕਿਹਾ ਜਾ ਸਕਦਾ ਹੈ ਕਿ ਤਰਕ, ਭੌਤਿਕਤਾ ਦਾ ਵਿਸ਼ੇਲਸਣ ਕਰਨ ਦੀ ਵਿਧੀ ਹੁੰਦੀ ਹੈ ਜਦ ਕਿ ਭਾਵੁਕਤਾ ਵਿਅਕਤੀ ਅੰਦਰ ਧੜਕਦੇ ਪ੍ਰਾਣਾਂ ਦੀ ਪਹਿਚਾਣ ਕਰਵਾਉਂਦੀ ਹੈ । ਤਰਕ ਪਰਿਚਯ ਤੇ ਭਾਵਨਾ ਪਹਿਚਾਣ ਹੁੰਦੀ ਹੈ । ਸੋ ਭਗਤ ਪੂਰਨ ਸਿੰਘ ਜੀ ਤਾਂ ਆਪ ਇਕ ਭਾਵਨਾ ਸਨ । ਪਵਿੱਤਰ ਭਾਵਨਾ ਨੂੰ ਹੀ ਭਗਤ ਆਖਿਆ ਜਾਂਦਾ ਹੈ । ਭਗਤ ਦਾ ਪ੍ਰਵੇਸ਼ ਦੀ ਥਾਵੇਂ ਪਰਮ ਨਾਲ ਰਾਬਤਾ ਜੁੜ ਜਾਂਦਾ ਹੈ । 'ਪਰਮ' ਇਕ ਪਿਆਰੀ ਅਵਸਥਾ ਹੁੰਦੀ ਹੈ, ਇਸ ਪਿਆਰੀ ਅਵਸਥਾ ਨੂੰ ਭਗਤ ਪੂਰਨ ਸਿੰਘ ਜੀ ਨੇ ਗ੍ਰਹਿਣ ਕਰ ਲਿਆ ਸੀ ।

ਭਗਤ ਪੂਰਨ ਸਿੰਘ ਪ੍ਰੇਮ ਦੀ ਭਾਸ਼ਾ ਦੇ ਕਾਰਜਸ਼ੀਲ ਵਾਕ ਸਨ। ਇਸ ਪ੍ਰਕਾਰ ਦੇ ਸ਼ੁੱਧ ਅਤੇ ਸਵੱਛ, ਫ਼ਿਕਰਿਆਂ ਨਾਲ ਜਿਹੜੀ ਇਬਾਰਤ ਲਿਖੀ ਜਾਂਦੀ ਹੈ ਉਸਦੇ ਅਰਥ ਲੌਕਿਕ ਪਿੱਠ-ਭੂਮੀ ਨੂੰ ਸੁਆਰਦੇ ਹੋਏ ਅਲੌਕਿਕ ਉਦੇਸ਼ ਨੂੰ ਪ੍ਰਸਾਰਿਤ ਕਰਨ ਦੀ ਸਮਰੱਥਾ ਹੁੰਦੇ ਹਨ । ਭਗਤ ਜੀ ਦੀ ਸਮੁੱਚੀ ਜੀਵਨ-ਸਮਰੱਥਾ ਤੇ ਸੁਚੇਤਨਾ ਪ੍ਰੇਮ ਦਾ ਸੰਦੇਸ਼ ਬਣ ਕੇ ਵਿਕਸਿਤ

ਹੁੰਦੀ ਰਹੀ । ਇਸ ਸਰੂਪ ਦੀ ਸਾਧਨਾ ਲਈ, ਸਿਮਰਨ, ਸ਼ਰਧਾ, ਸੇਵਾ ਤੇ ਸਮਰਪਣ ਵਰਗੀਆਂ ਰੀਤੀਆਂ ਨੂੰ ਰੂਪਮਾਨ ਕਰਨ ਦੀ ਕਿਰਤ ਵਜੋਂ ਸੱਚੀ ਤੇ ਸੁੱਚੀ ਭਾਵਨਾ ਨਾਲ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ । ਇਸ ਕਿਰਤ ਦਾ ਕਰਾਮਾਤੀ ਆਦਰਸ਼ ਪਿੰਗਲਵਾੜਾ ਅੰਮ੍ਰਿਤਸਰ ਦੀ ਸ਼ਕਲ ਵਿੱਚ ਭਗਤ ਪੂਰਨ ਸਿੰਘ ਹੋਰਾਂ ਦੀ ਸੇਵਾ ਦਾ ਫਲ ਹੈ ।

ਭਗਤ ਜੀ ਆਪਣੇ ਆਪ ਨੂੰ ਪ੍ਰਹਿਲਾਦ ਦੀ ਪ੍ਰੀਕ੍ਰਿਆ ਦਾ ਅੰਗ ਸਮਝਣ ਲਈ ਸਾਰੀ ਉਮਰ ਸਮਰਪਿਤ ਰਹੇ । ਆਪਣੀ ਮਾਤਾ ਜੀ ਦੁਆਰਾ ਦਿੱਤੀ ਸਿੱਖਿਆ ਨੂੰ ਭਗਤ ਪੂਰਨ ਸਿੰਘ ਜੀ ਨੇ ਆਪਣੇ ਆਪ ਲਈ ਪ੍ਰਣ ਬਣਾ ਲਿਆ ਸੀ ।

ਭਗਤ ਜੀ ਨੇ ਆਪਣੇ ਪ੍ਰਣ ਅਤੇ ਆਪਣੇ ਪ੍ਰਾਣਾਂ ਵਿੱਚ ਕੋਈ ਅੰਤਰ ਨਾ ਸਮਝਿਆ । ਭਗਤ ਜੀ ਨੇ ਆਪਣੇ ਪ੍ਰਣ ਦੀ ਪੂਰਣਤਾ ਲਈ ਜੋ ਕੁਝ ਜਦੋਂ-ਜਦੋਂ, ਜਿਵੇਂ-ਜਿਵੇਂ ਕੀਤਾ ਉਸਦੀਆਂ ਕਹਾਣੀਆਂ ਦਾ ਸੱਚ ਉਨ੍ਹਾਂ ਦੀਆਂ ਆਪਣੀਆਂ ਰਚਨਾਵਾਂ ਵਿੱਚ ਸਹਿਜ ਵਿਧੀ ਰਾਹੀਂ ਅੰਕਿਤ ਹੈ । ਅੰਕਿਤ ਹੋਈਆਂ ਉਹਨਾਂ ਦੀਆਂ ਕਹਾਣੀਆਂ ਦੀ ਸਰਲਤਾ ਦਾ ਸੱਚ ਬ੍ਰਹਮ ਰੂਪੀ ਰਸ ਵਰਗੀ ਵਸਤੂ ਹੈ । ਭਗਤ ਜੀ ਦੀ ਸਮੁੱਚੀ ਧਾਰਨਾ, ਗੁਰਬਾਣੀ ਤੇ ਗੁਰ-ਮਰਯਾਦਾ ਨੂੰ ਆਸਰਾ ਮੰਨ ਕੇ ਤੁਰਦੀ ਰਹੀ । ਭਗਤ ਜੀ ਆਪਣੇ ਇਸ ਆਸਰੇ ਨੂੰ ਸੰਪੂਰਨ ਸਮਝਦੇ ਹੋਏ ਆਪਣੇ ਪੰਧ ਦੇ ਅਡੋਲ ਪਾਂਧੀ ਬਣੇ ਰਹੇ।

## ਭਗਤ ਜੀ ਤੇ ਸਦਾਚਾਰ.....

ਭਗਤ ਜੀ ਦੇ ਪੰਧ ਨੂੰ ਪਾਰ ਕਰਨ ਦੇ ਢੰਗ ਸਦਾਚਾਰਕ-ਮੁੱਲਾਂ ਵਾਲੇ ਸਨ । ਭਗਤ ਜੀ ਨੇ ਸਦਾਚਾਰ ਦਾ ਕੋਈ ਵੀ ਪੱਲਾ ਨਹੀਂ ਛੱਡਿਆ । ਸਦਾਚਾਰ ਨੂੰ ਵੀ ਉਨ੍ਹਾਂ ਨੇ ਆਮ ਆਦਮੀ ਦੀ ਤਰ੍ਹਾਂ ਅਪਨਾਇਆ । ਦਾਰਸ਼ਨਿਕ ਸਿਧਾਂਤ ਇਹ ਆਖਦਾ ਹੈ ਕਿ ਜਿਹੜਾ ਆਪਣੇ ਆਪ ਨੂੰ ਆਦਮੀ ਸਮਝਦਾ ਹੈ ਉਹ ਖ਼ਾਸ ਹੁੰਦਾ ਹੈ । ਭਗਤ ਜੀ ਆਮ ਆਦਮੀ ਵਾਂਙ ਸਾਰੇ ਕਾਰਜ ਚਲਾਉਂਦੇ ਹੋਏ ਖ਼ਾਸ ਬਣ ਗਏ । ਖ਼ਾਸ ਆਦਮੀ ਦੀ ਖ਼ਾਸੀਅਤ ਹੁੰਦੀ ਹੈ ਕਿ ਉਹ ਆਪਣੇ ਆਪ ਵਿੱਚ ਖ਼ਾਸ ਨੂੰ ਤਰਜੀਹ ਨਹੀਂ ਦਿੰਦਾ ਸਗੋਂ ਆਦਮੀ ਵਾਂਙ ਖ਼ਾਸੀਅਤ ਦੀ ਪੂਰਤੀ ਲਈ ਪ੍ਰਯਤਨਸ਼ੀਲ ਰਹਿੰਦਾ ਹੈ ।

ਭਗਤ ਜੀ ਦੀ ਸਾਰੀ ਦੀ ਸਾਰੀ ਕਾਰਜ-ਪ੍ਰਣਾਲੀ ਅਤੇ ਚਿੰਤਨ ਪੱਧਤੀ



ਆਮ ਜਿਹੀ ਹੁੰਦਿਆਂ ਵੀ ਖ਼ਾਸ ਸੀ। ਭਗਤ ਪੂਰਨ ਸਿੰਘ ਜੀ ਵਿੱਚ ਕਦੇ ਵੀ ਅਸਾਧਾਰਣ ਅਤੇ ਅਸਹਿਜ ਕਾਮਨਾ ਉਤਪੰਨ ਨਹੀਂ ਹੋਈ । ਸਰਵੋਤਮ-ਸੰਵੇਦਨਾ ਦੀ ਇਹ ਵੀ ਖ਼ੂਬੀ ਹੁੰਦੀ ਹੈ ਕਿ ਉਹ ਸਰਵੋਤਮ ਦੀ ਪ੍ਰਾਪਤੀ ਵੱਲ ਸਹਿਜ-ਮਤੇ ਨਾਲ ਤੁਰਦੀ ਹੈ । ਭਗਤ ਜੀ ਦਾ ਸਮੁੱਚਾ ਅਧਿਐਨ ਨਿਮਰਤਾ ਅਤੇ ਨਿਰਮਲਤਾ ਦੇ ਨਾਲ-ਨਾਲ ਨਿਰਮਲ-ਭਾਵ ਦੀ ਪ੍ਰੋੜ੍ਹਤਾ ਵੀ ਕਰਦਾ ਹੈ। ਭਗਤ ਜੀ ਜਨ-ਹਿੱਤ ਲਈ ਅੰਦੋਲਨ ਨੂੰ ਨਹੀਂ, ਅਪੀਲ ਨੂੰ ਪ੍ਰਮੁੱਖ ਰੱਖ ਕੇ ਤੁਰਦੇ ਰਹੇ । ਨਿਰਸੰਦੇਹ ਅਪੀਲ ਸ਼ਬਦ ਅੰਗਰੇਜ਼ੀ ਭਾਸ਼ਾ ਦਾ ਹੋਣ ਕਰਕੇ, ਭਾਰਤੀ ਸੰਸਕ੍ਰਿਤ ਤੋਂ ਜ਼ਰਾ ਕੁ ਦੂਰ ਖੜ੍ਹਾ ਰਹਿੰਦਾ ਹੈ । ਅਪੀਲ ਨੂੰ ਭਗਤ ਜੀ ਪੂਜਾ ਵਰਗੀ ਵਸਤੂ ਬਣਾ ਕੇ ਪੇਸ਼ ਕਰਦੇ ਰਹੇ । ਭਗਤ ਜੀ ਦੁਆਰਾ ਅਪਣਾਈ ਗਈ ਅਪੀਲ, ਪੂਜਾ, ਪੁਜਾਰੀ ਅਤੇ ਪੂਜਕ ਵਿੱਚ ਕੋਈ ਅੰਤਰ ਨਹੀਂ ਰੱਖਦੀ । ਭਗਤ ਜੀ ਨੇ ਆਪਣੇ ਕਿਰਤ ਦੇ ਵਿਸ਼ਵਾਸ ਨੂੰ ਕਰਤਾ ਨਾਲ ਨਹੀਂ ਸਗੋਂ ਕਰਮ ਨਾਲ ਜੋੜੀ ਰੱਖਿਆ । ਇੰਞ ਆਖਿਆ ਜਾ ਸਕਦਾ ਹੈ ਕਿ ਭਗਤ ਜੀ ਦਾ ਵਿਅਕਤਿਤਵ ਆਪਣੇ ਕਰਮ ਨਾਲ ਅਭੇਦ ਹੋ ਬੈਠਾ ਸੀ । ਜੇਕਰ ਉਹ ਆਪ ਕਰਤਾ ਵਾਂਗ ਮਹਿਸੂਸ ਕਰਦੇ ਤਾਂ ਇਹ ਜਜ਼ਬਾ ਨਿਮਰਤਾ ਭਾਵ ਹਾਨੀਕਾਰਕ ਬਣ ਸਕਦਾ ਸੀ । ਦਰਅਸਲ ਜੇਕਰ ਭਗਤ ਜੀ ਦੇ ਸਮੁੱਚੇ ਆਦਰਸ਼ ਬਾਰੇ ਉੱਪਰਲੇ ਕਥਨ ਵਿੱਚੋਂ ਕਿਸੇ ਸਾਰ-ਸੰਖੇਪ ਨੂੰ ਗ੍ਰਹਿਣ ਕਰਨਾ ਹੋਵੇ ਤਾਂ ਆਖਿਆ ਜਾ ਸਕਦਾ ਹੈ ਕਿ ਭਗਤ ਜੀ ਨੇ ਕਿਰਤ ਤੇ ਕਰਮ ਦੇ ਵਿਸ਼ਵਾਸ ਨੂੰ ਅਕਾਲ-ਪੁਰਖ ਵਰਗੀ ਵਸਤੂ ਵਾਂਗ ਸਵੀਕਾਰ ਕੀਤਾ । ਇਸ ਤੱਥ ਦੀ ਸਹੀ ਕ੍ਰਿਤੀ ਉਨ੍ਹਾਂ ਦੇ ਇਸ ਕਥਨ ਤੋਂ ਲੱਭੀ ਜਾ ਸਕਦੀ ਹੈ—

"ਮੈਂ ਆਪਣੀ ਸਾਰੀ ਜ਼ਿੰਦਗੀ ਕਸ਼ਟਾਂ, ਭੁੱਖਾਂ ਤੇ ਪਿਆਸ ਵਾਲੀ ਸੇਵਾ ਦੀ ਜ਼ਿੰਦਗੀ ਬਿਤਾਈ ਹੈ । ਆਪਣੀਆਂ ਚਿੰਤਾਜਨਕ ਸਮੱਸਿਆਵਾਂ, ਕਸ਼ਟਾਂ ਤੇ ਔਕੜਾਂ ਵਿੱਚ ਫਸੇ ਹੋਏ ਨੂੰ ਮੈਨੂੰ ਵਾਹਿਗੁਰੂ ਦੇ ਨਾਮ ਦਾ ਸਹਾਰਾ ਲੈਣਾ ਪੈਂਦਾ ਸੀ। ਮੈਂ ਮਹਿਸੂਸ ਕਰਦਾ ਹੁੰਦਾ ਸਾਂ ਕਿ ਪ੍ਰਾਣੀ-ਮਾਤਰ ਦੇ ਭਲੇ ਲਈ ਜਿਹੜੇ ਵੱਡੇ-ਵੱਡੇ ਤੇ ਔਖੇ-ਔਖੇ ਕੰਮ ਵਾਹਿਗੁਰੂ ਦੇ ਨਾਮ 'ਤੇ ਮੈਂ ਆਪਣੀ ਨਿਰਧਨਤਾ ਵਿੱਚ ਕਰ ਰਿਹਾ ਹਾਂ ਉਨ੍ਹਾਂ ਕੰਮਾਂ ਦੀ ਸਫਲਤਾ ਲਈ ਵਾਹਿਗੁਰੂ ਮੇਰੇ ਸਿਰ 'ਤੇ ਰਹੇਗਾ ਤੇ ਮੈਨੂੰ ਡੋਲਣ ਨਹੀਂ ਦੇਵੇਗਾ —ਤੇ ਆਪਣੀਆਂ ਗੁਪਤ ਸ਼ਕਤੀਆਂ ਨਾਲ ਮੇਰੀ ਸਹਾਇਤਾ ਕਰੇਗਾ।"

(ਕਹਾਣੀਆਂ ਭਾਗ ਪਹਿਲਾ ਪੰਨਾ ੨੨੫)

ਭਗਤ ਜੀ ਦੇ ਮਨ ਵਿਚਲੇ ਇਨ੍ਹਾਂ ਸੰਸਕਾਰਾਂ ਨੇ ਉਨ੍ਹਾਂ ਅੰਦਰ ਨਿਰਲੇਪ ਭਾਵਨਾ ਨੂੰ ਜਾਗ੍ਰਿਤ ਕੀਤਾ ਜਿਸਦਾ ਪ੍ਰਭਾਵ ਇਹ ਹੋਇਆ ਕਿ ਭਗਤ ਜੀ ਨੇ ਆਪਣੇ ਆਪ ਨੂੰ ਕੇਵਲ ਸਾਧਨ ਵਜੋਂ ਵਰਤੋਂ ਵਿੱਚ ਲੈ ਆਉਣ ਦਾ ਸਾਰਥਿਕ-ਮਨੋਰਥ ਆਰੰਭ ਕਰ ਲਿਆ । ਇੰਞ ਭਗਤ ਜੀ ਦਾ ਆਪਾ ਇਕ ਅਜਿਹਾ ਸੁਚੇਤ ਤੇ ਪ੍ਰਬਲ ਆਪਾ ਬਣ ਗਿਆ ਕਿ ਉਨ੍ਹਾਂ ਦੇ ਹਰ ਉਪਰਾਲੇ ਵਿੱਚ ਅਣਥੱਕ ਹੋਣ ਦਾ ਸਿਲਸਿਲਾ ਚਲਦਾ ਰਿਹਾ । ਭਗਤ ਜੀ ਦੇ ਅਣਥੱਕ ਆਪੇ ਵਿੱਚ ਸਾਧਨਾ ਦੀ ਗਿਣਤੀ ਮਿਣਤੀ ਦੀ ਥਾਵੇਂ, ਸੇਵਾ ਤੇ ਸਮਰੱਥਾ ਪ੍ਰਮੁੱਖ ਸੀ । ਭਗਤ ਜੀ ਵਿੱਚ ਲੋਹੜੇ ਦੀ ਸਮਰੱਥਾ ਸੀ, ਉਨ੍ਹਾਂ ਨੇ ਆਪਣੀ ਸਮਰੱਥਾ ਦੇ ਸਹਿਜ ਰੂਪ ਨੂੰ ਕਦੇ ਵੀ ਤਿਲਾਂਜਲੀ ਨਾ ਦਿੱਤੀ। ਉਨ੍ਹਾਂ ਦੇ ਇਸ ਗੁਣ ਦੇ ਪਿਛੋਕੜ ਦੀਆਂ ਉਦਾਹਰਣਾਂ ਉਨ੍ਹਾਂ ਦੀਆਂ ਸਵੈ-ਕਥਾਵਾਂ ਵਿੱਚ ਥਾਂ-ਥਾਂ ਉੱਤੇ ਚਿਤਰਿਤ ਹੁੰਦੀਆਂ ਰਹੀਆਂ ਹਨ ।

"ਕਦੇ ਵੀ ਕੋਈ ਮਨੁੱਖ ਪੂਰਨ ਨਹੀਂ ਹੋ ਜਾਂਦਾ ਨਿਰੀ ਪਦਾਰਥਕ ਉੱਨਤੀ ਜਾਂ ਸੁਖਾਂ ਵਿੱਚ ਵਾਧਾ ਕਰਨ ਨਾਲ । ਜੇ ਮਨੁੱਖ ਜਾਤੀ ਦਾ ਵਾਧਾ ਇਉਂ ਹੋ ਸਕਦਾ ਹੁੰਦਾ ਤਾਂ ਸਾਡੇ ਲੱਖ-ਪਤੀ ਹੁਣ ਤਕ ਮਹਾਂ ਸੰਤ ਬਣ ਗਏ ਹੁੰਦੇ । ਸਚਾਈ ਸਗੋਂ ਇਹ ਹੈ ਕਿ ਕੋਈ ਵੀ ਆਦਮੀ ਸੰਤ-ਸੁਭਾਉ ਨਹੀਂ ਹੁੰਦਾ ਜੋ ਪਦਾਰਥ ਦੇ ਮੋਹ ਤੋਂ ਉਤਾਂਹ ਨਹੀਂ ਉੱਠਦਾ ।"

(ਧਰਾਸ ਤੇ ਵਿਕਾਸ ਪੰਨਾ ੩੩)

ਭਗਤ ਜੀ ਦੇ ਸਵੈ-ਜੀਵਨ ਦੀਆਂ ਇਨ੍ਹਾਂ ਕਥਾਵਾਂ ਵਿੱਚ ਸਵੈ ਵਿਸ਼ਵਾਸ ਦੇ ਨਾਲ-ਨਾਲ ਅਕਾਲ ਸ਼ਰਧਾ ਦੇ ਦਰਸ਼ਨ ਵੀ ਹੁੰਦੇ ਹਨ । ਅਕਾਲ ਪੁਰਖ ਦੇ ਪ੍ਰਬੰਧ ਨੂੰ ਉਹ ਇਕ ਸੱਚੇ ਸਿੱਖ ਵਾਂਗ ਸਵੀਕਾਰ ਕਰਦੇ ਹੋਏ ਭਾਰਤੀ ਸਭਿਆਚਾਰ ਪ੍ਰਤੀ ਚਿੰਤਤ ਰਹਿੰਦੇ ਸਨ ।

"ਮੇਰੀ ਉਮਰ ਇਸ ਸਮੇਂ ਕਿਆਸੀ ਸਾਲ ਹੈ । ਆਪਣੀ ਉਮਰ ਦੇ ੨੦ ਵੇਂ ਸਾਲ ਤੇ ਜਦੋਂ ਮੇਰੀ ਸਕੂਲ ਦੀ ਦਸਵੀਂ ਜਮਾਤ ਦੀ ਪੜ੍ਹਾਈ ਸਮਾਪਤ ਹੋਈ ਸੀ ਤਾਂ ਮੈਂ ਆਪਣਾ ਜੀਵਨ ਪ੍ਰਾਣੀ-ਮਾਤਰ ਦੀ ਸੇਵਾ ਲਈ ਅਰਪਣ ਕਰ ਦਿੱਤਾ ਸੀ । ਗ਼ਰੀਬ ਤੇ ਬੇਆਸਰੇ ਰੋਗੀਆਂ ਤੇ ਅਪਾਹਿਜਾਂ ਦੀ ਸੇਵਾ ਮੇਰੇ ਜੀਵਨ ਦਾ ਇਕ ਨਿਖੇੜਵਾਂ ਤੇ ਸਭ ਤੋਂ ਵੱਡਾ ਕੰਮ ਰਿਹਾ ਹੈ । ਅੱਜ ਤਕ ਪਿਛਲੇ ਸੱਠ ਸਾਲਾਂ ਤੋਂ ਮੈਂ ਆਪਣਾ ਪੂਰਾ-ਪੂਰਾ ਧਿਆਨ ਇਸ ਕਾਰਜ ਵੱਲ ਦਿੱਤਾ ਹੈ । ਲੋਕ ਸੇਵਾ ਦੇ ਅਨੇਕਾਂ ਪ੍ਰਕਾਰ ਦੇ ਕੰਮਾਂ ਲਈ ਦਿਨ ਰਾਤ ਭੱਜੇ



ਫਿਰਦੇ ਰਹਿਣ ਵਾਲੇ ਮੇਰੇ ਵਰਗੇ ਗ਼ਰੀਬ ਬੰਦੇ ਦੇ ਮਸਤੀ ਭਰਪੂਰ ਜੀਵਨ ਵਿੱਚ ਵਿਆਹ ਲਈ ਕੋਈ ਥਾਂ ਨਹੀਂ ਹੋ ਸਕਦੀ ਸੀ। Mastry of destiny ਮਹਾਨ ਪੁਸਤਕ ਦੇ ਸੰਸਾਰ-ਪ੍ਰਸਿੱਧ ਅੰਗਰੇਜ਼ੀ ਲੇਖਕ- James Allen ਨੇ ਲਿਖਿਆ ਹੈ ਕਿ ਸੰਸਾਰ ਵਿੱਚ ਉਦੋਂ ਤਕ ਕੋਈ ਬੁਰਾਈ ਦੂਰ ਨਹੀਂ ਹੋ ਸਕਦੀ ਜਦੋਂ ਤਕ ਕੋਈ ਬੰਦਾ ਉਸ ਨੂੰ ਦੂਰ ਕਰਨ ਲਈ ਆਪਣਾ ਆਪ ਅਰਪਣ ਨਾ ਕਰ ਦੇਵੇ ।"

(ਪੰਨਾ ੧੨੪ ਕਹਾਣੀਆਂ ਭਾਗ ਪਹਿਲਾ)

ਭਗਤ ਜੀ ਦਾ ਮਾਰਗ, ਗਿਆਨ-ਭਗਤੀ ਤੇ ਕਰਮ ਨਾਲ ਸੰਬੰਧਿਤ ਹੈ। ਇੰਞ ਅਸੀਂ ਭਗਤ ਜੀ ਹੋਰਾਂ ਨੂੰ ਗਿਆਨ ਮਾਰਗੀ ਬਣਕੇ ਕਰਮ-ਮਾਰਗ ਉੱਤੇ ਚਲਣ ਵਾਲੇ ਭਗਤੀ-ਮਾਰਗ ਦੇ ਉਪਾਸ਼ਕ ਆਖ ਸਕਦੇ ਹਾਂ। ਭਗਤ ਜੀ ਨੇ ਇਨ੍ਹਾਂ ਤਿੰਨ ਤਰ੍ਹਾਂ ਦੇ ਮਾਰਗ ਦੀ ਮਹਿਮਾ ਦਾ ਆਰੰਭ ਡੇਹਰਾ ਸਾਹਿਬ ਗੁਰਦੁਆਰਾ ਲਾਹੌਰ ਤੋਂ ਆਰੰਭ ਕੀਤਾ ਤੇ ਆਪਣੇ ਅਖ਼ੀਰਲੇ ਸਾਹ ਤਕ ਸਵੀਕਾਰ ਕਰਦਿਆਂ ਇਸ ਸੰਸਾਰ ਨੂੰ ਛੱਡਿਆ। ਅਜਿਹੇ ਪੁਰਸ਼ ਆਪ ਭਾਵੇਂ ਸਰੀਰਕ ਪੱਖੋਂ ਸੰਸਾਰ ਵਿੱਚੋਂ ਅਲੋਪ ਹੋ ਜਾਂਦੇ ਹਨ ਪਰ ਉਹ ਆਪਣੇ ਪਿੱਛੇ ਅਜਿਹੇ ਰਾਹ ਉਲੀਕ ਜਾਂਦੇ ਹਨ ਜਿਨ੍ਹਾਂ ਰਾਹਾਂ ਉੱਤੇ ਅਨੇਕਾਂ ਪਾਪੀ ਤੁਰਦੇ ਰਹਿੰਦੇ ਹਨ ।

ਇਸ ਤਰ੍ਹਾਂ ਅਸੀਂ ਭਗਤ ਪੂਰਨ ਸਿੰਘ ਜੀ ਦੇ ਪਿੰਗਲਵਾੜੇ ਨੂੰ ਮਾਨਵਵਾਦੀ ਪੰਧ ਦਾ ਪ੍ਰਤੀਨਿਧ ਕਰਮ ਆਖ ਸਕਦੇ ਹਾਂ । ਭਗਤੀ-ਭਾਵ ਦੁਆਰਾ ਰੂਪ-ਮਾਨ ਹੋ ਰਹੇ ਕ੍ਰਿਆਤਮਕ ਵਿਸ਼ਵਾਸ ਵਾਲੇ ਪਿੰਗਲਵਾੜਾ ਅੰਮ੍ਰਿਤਸਰ ਵਿੱਚੋਂ ਭਗਤ ਪੂਰਨ ਸਿੰਘ ਜੀ ਦੀ ਪ੍ਰਾਰਥਨਾ ਨੂੰ ਪੜ੍ਹਿਆ ਜਾ ਸਕਦਾ ਹੈ । ਇਸ ਪੜ੍ਹਤ ਨੂੰ ਪੜ੍ਹਨ ਲਈ ਸਾਨੂੰ ਭਗਤ ਪੂਰਨ ਸਿੰਘ ਹੋਰਾਂ ਦੀ ਘਾਲਣਾ ਦੇ ਉਸ ਕਰਮ ਯੁੱਧ, ਸੇਵਾ ਤੇ ਸਹਿਯੋਗ ਦਾ ਸੂਖਮ ਅਧਿਐਨ ਕਰਨਾ ਪਵੇਗਾ, ਜਿਸ ਸਦਕਾ ਉਨ੍ਹਾਂ ਦੁਆਰਾ ਪ੍ਰਾਪਤ ਕੀਤੀ ਸਫਲਤਾ ਵੀ ਸੇਵਾ ਹੀ ਲੱਗਦੀ ਹੈ । ਇਸ ਸਥਿਤੀ ਦਾ ਪ੍ਰਮੁੱਖ ਅਧਾਰ ਇਹ ਬਣਦਾ ਹੈ ਕਿ ਭਗਤ ਪੂਰਨ ਸਿੰਘ ਜੀ ਆਪ ਇਕ ਸੇਵਾਦਾਰ ਹੀ ਨਹੀਂ ਸਗੋਂ ਸਾਧਕ ਤੇ ਸਾਧੂ-ਸਰੂਪ ਦੇ ਨਾਲ-ਨਾਲ ਗੁਰਮੁੱਖ, ਗਿਆਨੀ ਤੇ ਪੂਰਨ ਸਿੱਖ ਬਣੇ ਰਹਿਣ ਦੇ ਸੰਕਲਪ ਦੀ ਸਫਲ ਸਾਧਨਾ ਕਰਦੇ ਰਹੇ । ਇਸ ਸਾਧਨਾ ਵਾਸਤੇ ਉਨ੍ਹਾਂ ਦੇ ਪ੍ਰਮੁੱਖ ਕਾਰਜ ਹੁੰਦੇ ਸਨ—

(ੳ) ਲਾਇਬਰੇਰੀਆਂ ਵਿੱਚ ਜਾਣਾ

(ਅ) ਅਧਿਐਨਸ਼ੀਲ ਰਹਿਣਾ

(ੲ) ਪ੍ਰਾਪਤ ਕੀਤੇ ਗਿਆਨ ਨੂੰ ਪ੍ਰਯੋਗ ਵਿੱਚ ਲੈ ਆਉਣਾ

(ਸ) ਗ੍ਰਹਿਣ ਅਧਿਐਨ ਲਈ ਲਗਾਤਾਰ ਘਾਲਣਾ ਘਾਲਣੀ

(ਹ) ਭਲੀ ਵਸਤੂ ਵਿੱਦਿਆ ਤੇ ਲੋਕ-ਪੱਖੀ ਵਿਗਿਆਨ ਦਾ ਪ੍ਰਚਾਰ ਤੇ ਪਸਾਰ ਕਰਨਾ ।

ਇਸ ਪ੍ਰਕਾਰ ਦੇ ਅਕੀਦਿਆਂ ਵਿੱਚ ਆਨੰਦ ਮਗਨ ਭਗਤ ਜੀ ਨਿਮਰਤਾ ਦੇ ਪੁੰਜ ਬਣੇ ਰਹੇ ।

ਭਗਤ ਜੀ ਨੇ ਕਦੇ ਵੀ ਨਾਕਾਰਾਤਮਿਕ ਢੰਗ ਨਾਲ ਸੋਚਿਆ ਹੀ ਨਹੀਂ ਸੀ। ਉਨ੍ਹਾਂ ਦੇ ਜੀਵਨ ਦਾ ਇਹ ਸਭ ਤੋਂ ਵੱਡਾ ਗੁਣ ਸੀ ਕਿ ਉਹ ਆਪਣੇ ਉੱਤੇ ਪਈ ਬਿਪਤਾ ਨੂੰ ਪ੍ਰਕ੍ਰਿਤੀ ਦੀ ਤੇ ਗੁਰੂ ਸਾਹਿਬਾਨ ਦੀ ਕ੍ਰਿਪਾ ਸਦਕਾ ਸਹਿਣ ਕਰਨ ਦੀ ਸਮਰੱਥਾ ਰੱਖਦੇ ਹੋਏ, ਹਰ ਇਕ ਕਸ਼ਟ ਨੂੰ ਪਾਰ ਕਰ ਜਾਂਦੇ ਸਨ । ਇਨ੍ਹਾਂ ਗੁਣਾਂ ਸਦਕਾ ਭਗਤ ਪੂਰਨ ਸਿੰਘ ਜੀ ਸਮੁੱਚੇ ਸਮੇਂ ਲਈ ਇਕ ਹੋਂਦ ਬਣੇ ਰਹਿਣਗੇ । ਹੋਂਦ ਦੀ ਇਹ ਖੂਬੀ ਹੁੰਦੀ ਹੈ ਕਿ ਉਹ ਵਿਸ਼ਵਾਸ ਦੀ ਅਡੋਲ ਜੋਤ ਵਾਂਗ ਜਗਦੀ ਰਹਿੰਦੀ ਹੈ । ਭਗਤ ਜੀ ਦੇ ਕਾਰਜ, ਵਿਸ਼ਵਾਸਮਈ ਪ੍ਰਕਾਸ਼ ਦੇ ਸੂਚਕ ਸਨ । ਵਿਸ਼ਵਾਸ-ਮਈ ਪ੍ਰਕਾਸ਼ ਵਿੱਚ ਨਿਰਾਲਾ ਹੀ ਰੂਪ ਵਿਦਮਾਨ ਰਹਿੰਦਾ ਹੈ । ਇਸ ਤਰ੍ਹਾਂ ਦੇ ਸਾਧਨਾ-ਮਈ ਸੰਕਲਪ ਨੂੰ ਗੁਰਬਾਣੀ ਦੀ ਤਸਦੀਕ ਪ੍ਰਾਪਤ ਹੈ

**'ਭਗਤਾ ਕੀ ਚਾਲ ਨਿਰਾਲੀ'**

ਵਿਸ਼ਵਾਸ-ਮਈ ਪ੍ਰਕਾਸ਼ ਦੇ ਪ੍ਰਮੁੱਖ ਲੱਛਣਾਂ ਵਿੱਚੋਂ ਇਹ ਦੋ ਲੱਛਣ ਸਿਰੇ ਦੇ ਹੁੰਦੇ ਹਨ । ਇਸ ਵਿੱਚ ਅਕੇਵਾਂ ਅਤੇ ਥਕਾਵਟ ਨਹੀਂ ਹੁੰਦੀ । ਭਗਤ ਪੂਰਨ ਸਿੰਘ ਜੀ ਕਦੇ ਵੀ ਅੱਕੇ ਤੇ ਥੱਕੇ ਨਹੀਂ ਸਨ। ਇਸ ਪ੍ਰਕਾਰ ਦੀ ਵਿਧੀ ਤੇ ਵਿਧਾਨ ਅਧੀਨ ਕਿਹਾ ਜਾ ਸਕਦਾ ਹੈ ਕਿ ਭਗਤ ਜੀ ਮਾਂ ਦੇ ਮਮਤਾਮਈ ਹਿਰਦੇ ਵਾਲੇ ਅਜਿਹੇ ਪੁਰਸ਼ ਸਨ ਜਿਨ੍ਹਾਂ ਨੂੰ ਮਦਰ ਟਰੇਸਾ ਵਾਂਗ ਸ਼ਕਤੀਸ਼ਾਲੀ ਕੈਥੋਲਿਕ ਚਰਚ ਵਾਂਗ ਕੋਈ ਸਹਾਰਾ ਨਹੀਂ ਸੀ ਮਿਲਿਆ ਹੋਇਆ। ਉਨ੍ਹਾਂ ਦੇ ਕਰਾਮਾਤੀ ਖ਼ਾਲੀ ਬਾਟੇ ਦੀਆਂ ਭਰਪੂਰ ਬਰਕਤਾਂ ਵਿੱਚੋਂ "ਪਿੰਗਲਵਾੜਾ" ਵਰਗੀ ਸੇਵਾਦਾਰ-ਸੰਸਥਾ ਦਾ ਜਨਮ ਹੋਇਆ । ਖ਼ਾਲੀ



ਬਾਟੇ ਦੀਆਂ ਭਰੀਆਂ ਬਰਕਤਾਂ ਵਿੱਚੋਂ ਭਗਤ ਜੀ ਦੇ ਸਹਿਜ ਤੇ ਸਾਧਾਰਣ ਉਪਦੇਸ਼ ਜ਼ਿੰਦਗੀ ਨੂੰ ਹੋਣਹਾਰ ਰੱਖਣ ਲਈ ਸਦਾਚਾਰਕ-ਵਿਧੀ ਨੂੰ ਉਚਾਰਦੇ ਰਹੇ । ਜਨ-ਸਾਧਾਰਣ ਦੀ ਸੁਰੱਖਿਆ ਤੇ ਸੰਭਾਲ ਲਈ ਉਨ੍ਹਾਂ ਦਾ ਹੇਠਲਾ ਉਪਦੇਸ਼ ਕਿੰਨੀ ਪਿਆਰੀ ਸਾਦਗੀ ਅਤੇ ਹਿੱਤ ਵਾਲੀ ਧਾਰਨਾ ਨਾਲ ਭਰਪੂਰ ਹੈ; ਜਦ ਉਹ ਆਖਦੇ ਹਨ—

"ਰਸਤੇ ਵਿੱਚ ਪਏ ਕੇਲਿਆਂ ਦੇ ਛਿੱਲੜ, ਰੋੜਾ, ਖੁਰੀ ਅਤੇ ਕਿੱਲ ਆਦਿ ਨੂੰ ਚੁੱਕ ਕੇ ਪ੍ਰਾਣੀ-ਮਾਤਰ ਦਾ ਭਲਾ ਕਰੋ ।"

ਭਗਤ ਜੀ ਦੇ ਮਨ ਵਿੱਚ ਸੰਸਾਰਿਕ-ਪ੍ਰਸ਼ੰਸਾ, ਪ੍ਰਾਪਤੀਆਂ ਅਤੇ ਪਦਵੀ ਲਈ ਕੋਈ ਥਾਂ ਨਹੀਂ ਸੀ । ਪਦਵੀ, ਪ੍ਰਾਪਤੀ ਅਤੇ ਪ੍ਰਸ਼ੰਸਾ ਤੋਂ ਉੱਪਰ ਤਾਂ ਅਜਿਹਾ ਗੁਰਸਿੱਖ ਹੀ ਉੱਠ ਸਕਦਾ ਹੈ ਜਿਹੜਾ ਸੇਵਾ ਦੀ ਭਾਵਨਾ ਨਾਲ ਭਰਿਆ ਹੋਵੇ । ਭਗਤ ਜੀ ਸੰਸਾਰਿਕ-ਪਰਪੰਚ ਤੋਂ ਨਿਰਲੇਪ ਸਨ । ਉਨ੍ਹਾਂ ਦਾ ਵੈਰਾਗਮਈ ਮਨ, ਦੀਨ ਅਤੇ ਦੁਖੀਆਂ ਦੇ ਪ੍ਰਾਣਾਂ ਖ਼ਾਤਰ, ਮਹਾਂਪ੍ਰਾਣ ਬਣ ਕੇ ਵਿਚਰਦਾ ਰਿਹਾ । ਜਿਊਂਦੀ ਜਾਗਦੀ ਸ਼ਖ਼ਸੀਅਤ ਵਿਸ਼ਵਾਸ, ਸ਼ਰਧਾ ਅਤੇ ਸਮਰਪਣ ਦੀ ਭਾਵਨਾ ਹੁੰਦੀ ਹੈ । ਸਮੁੱਚੀ ਹੋਂਦ ਨੂੰ ਸਵੀਕਾਰ ਕਰਨ ਦੀ ਕਿਰਤ ਦਾ ਕ੍ਰਿਆਤਮਕ ਪ੍ਰਕਾਸ਼ ਸਨ ਭਗਤ ਪੂਰਨ ਸਿੰਘ ਜੀ ।

ਪ੍ਰਕ੍ਰਿਤੀ, ਪ੍ਰਤੀ ਭਗਤ ਜੀ ਦੀ ਸ਼ਰਧਾ ਵਿਗਿਆਨਿਕ ਹੀ ਨਹੀਂ ਲੋਕ-ਪੱਖੀ ਵੀ ਸੀ। ਲੋਕ-ਹਿੱਤ ਵਾਸਤੇ ਭਗਤ ਜੀ ਆਪਣੇ ਹਾਰਦਿਕ ਜਜ਼ਬਿਆਂ ਨੂੰ ਸੁਚੱਜੀ ਜ਼ਿੰਦਗੀ ਦੀ ਉਸਾਰੀ ਲਈ ਭੇਂਟ ਕਰਦੇ ਰਹੇ। ਉਨ੍ਹਾਂ ਦੇ ਭੇਟ ਕੀਤੇ ਜਜ਼ਬੇ ਜਿਉਂ-ਜਿਉਂ ਸਵੀਕਾਰ ਹੁੰਦੇ ਰਹਿਣਗੇ ਤਿਉਂ-ਤਿਉਂ ਸਮਾਜਿਕ ਭਲਾਈ ਦਾ ਪ੍ਰਕਰਣ ਪੂਰ ਚੜ੍ਹਦਾ ਰਹੇਗਾ । ਘੁਮੰਡ ਤੇ ਹੰਕਾਰ ਦਾ ਇਹ ਇਕ ਵੱਡਾ ਦੋਸ਼ ਹੁੰਦਾ ਹੈ ਕਿ ਉਸ ਨੂੰ ਆਪਣੇ ਆਪ ਤੋਂ ਬਿਨਾਂ ਹੋਰ ਕੁਝ ਦਿੱਸਦਾ ਨਹੀਂ । ਭਗਤ ਜੀ ਨੇ ਆਪਣੇ ਆਪ ਨੂੰ ਸਰਬੱਤ ਦੇ ਚਰਨ ਕਮਲਾਂ ਦੀ ਧੂੜ ਬਣਾ ਕੇ ਚੇਤਨ ਚਿਣਗ ਵਾਂਙ ਭਖਦਾ ਰੱਖਿਆ । ਭਗਤ ਜੀ ਤਾਂ ਫ਼ਕੀਰ ਸਨ। ਫ਼ਕੀਰ ਸ਼ਬਦ ਦੀ ਸਥਿਤੀ ਦੀ ਵਿਆਖਿਆ ਕਰਦੇ ਸੰਤ ਪਲਟੂ ਜੀ ਆਖਦੇ ਸਨ :

**'ਸਾਹਿਬ ਵਹੀ ਫ਼ਕੀਰ ਹੈ ਜੋ ਕੋਈ ਪਹੁੰਚਾ ਹੋਏ ।'**

ਭਗਤ ਜੀ ਦੀ ਸਰਲਤਾ, ਸਦਾਚਾਰ ਦਾ ਸੂਚਕ ਸੀ । ਉਨ੍ਹਾਂ ਦੀ ਸਰਲਤਾ ਅਗੰਮ ਅਤੇ ਅਗਾਧ ਨਾਲ ਸੰਬੰਧ ਬਣਾਉਣ ਦੀ ਸੂਚਕ ਸੀ ।

ਭਗਤ ਜੀ ਸੰਸਾਰ ਤੋਂ ਸਭਿਆਚਾਰ, ਸਭਿਆਚਾਰ ਤੋਂ ਸੰਸਕ੍ਰਿਤੀ ਅਤੇ ਸੰਸਕ੍ਰਿਤੀ ਤੋਂ ਸਾਤਵਿਕਤਾ ਤਕ ਪੁੱਜੇ । ਪੇਂਡੂ ਜੀਵਨ ਵਿੱਚ ਮਾਲ ਪਸ਼ੂ ਤੇ ਖਾਦੀ ਨੂੰ ਰੱਬ ਦਾ ਰੂਪ ਸਮਝਿਆ ਜਾਂਦਾ ਹੁੰਦਾ ਸੀ । ਪਸ਼ੂ, ਪੰਛੀ ਅਤੇ ਖਾਦੀ, ਭਗਤ ਪੂਰਨ ਸਿੰਘ ਜੀ ਦੇ ਮਾਤਾ ਜੀ ਵਾਸਤੇ ਪਿਆਰੇ ਸਨ । ਇਸ ਸਿਲਸਿਲੇ ਅਧੀਨ, ਭਗਤ ਜੀ ਵਾਸਤੇ ਵੀ ਪ੍ਰਕ੍ਰਿਤੀ, ਪਸ਼ੂ, ਪੰਛੀ ਤੇ ਖਾਦੀ ਪੂਜਨੀਕ ਬਣੇ ਰਹੇ। ਇੰਵ ਅਸੀਂ ਕਹਿ ਸਕਦੇ ਹਾਂ ਕਿ ਭਗਤ ਜੀ ਦੀ ਜੀਵਨ ਯਾਤਰਾ ਦੇ ਪੰਧ, ਪਰਮ ਅਵਸਥਾ ਵੱਲ ਆਉਣ ਤਕ ਸਾਧਾਰਣ ਜੀਵਨ ਪ੍ਰਣਾਲੀ ਦੇ ਪਵਿੱਤਰ ਪਲਾਂ ਨੂੰ ਅਪਣਾਉਂਦੇ ਰਹੇ । ਸਾਧਾਰਣ ਵਿੱਚ ਅਸਾਧਾਰਣ ਦ੍ਰਿਸ਼ ਨੂੰ ਵੇਖਣ ਦੀ ਦ੍ਰਿਸ਼ਟੀ ਜਿਸ ਲੋਕ ਬੁੱਧ ਕੋਲ ਹੋਵੇਗੀ। ਉਹ ਭਗਤ ਪੂਰਨ ਸਿੰਘ ਜੀ ਦੇ ਆਂਤਰਿਕ ਅਨੰਦ ਦੀ ਜਾਣਕਾਰੀ ਲੈ ਸਕੇਗਾ।

> **"ਸਾਰੀ ਉਮਰ ਗੁਰਦੁਆਰਿਆਂ ਦੀਆਂ ਸੰਗਤਾਂ**
> **ਦੀ ਦਿਨ ਰਾਤ ਸੇਵਾ ਵਿੱਚ ਰਹਿੰਦਿਆਂ ਹੋਇਆਂ**
> **ਮੇਰਾ ਜੀਵਨ ਭਰਥਰੀ ਹਰੀ ਦੀ ਮਾਂ ਦੀ ਸਿੱਖਿਆ**
> **ਅਨੁਸਾਰ ਬੀਤਦਾ ਰਿਹਾ ਹੈ ।"**

(ਕਹਾਣੀਆਂ ਭਾਗ ਪਹਿਲਾ ਪੰਨਾ ੨੩੦)

ਸੁਭਾਵਿਕਤਾ ਜਿਉਂ-ਜਿਉਂ ਵਿਕਸਿਤ ਹੋਣ ਲੱਗਦੀ ਹੈ ਤਿਉਂ-ਤਿਉਂ ਉਹ ਅਜਿਹੀ ਪਰਮ ਅਵਸਥਾ ਵਿੱਚ ਪੁੱਜ ਜਾਂਦੀ ਹੈ ਜਿੱਥੇ ਪ੍ਰਾਣੀ-ਮਾਤਰ ਦੀ ਪੀੜਾ ਉਸ ਨੂੰ ਆਪਣੀ ਹੀ ਪੀੜਾ ਲੱਗਣ ਲੱਗ ਪੈਂਦੀ ਹੈ । ਭਗਤ ਜੀ ਦਾ ਆਰੰਭਿਕ ਜੀਵਨ ਅਸਾਡੇ ਮੁਲਕ ਦੀਆਂ ਸਮਾਜਿਕ ਔਕੜਾਂ ਨੂੰ ਅਣਡਿੱਠ ਵੀ ਕਰਦਾ ਰਿਹਾ ਹੈ ਤੇ ਉਨ੍ਹਾਂ ਔਕੜਾਂ ਵਿੱਚ ਪਲਦਾ ਵੀ ਰਿਹਾ, ਭਗਤ ਜੀ ਦੇ ਮਾਤਾ ਜੀ ਆਪ ਵੀ ਇਕ ਸ਼ਰਧਾ ਸਨ । ਭਗਤ ਜੀ ਦੇ ਮਾਤਾ ਜੀ ਵਾਸਤੇ ਧਨ, ਦੌਲਤ, ਕਲੇਸ਼, ਈਰਖਾ, ਅਨਿਆਂ ਆਦਿ ਫਾਲਤੂ ਵਸਤਾਂ ਸਨ; ਕੇਵਲ ਉਨ੍ਹਾਂ ਅੱਗੇ ਮਿਹਨਤ, ਨਿਮਰਤਾ, ਤਿਆਗ ਅਤੇ ਆਪਣਾ ਪੂਰਨ ਪੁੱਤ ਹੀ ਸੀ । ਇਸ ਤਰ੍ਹਾਂ ਦੇ ਪਿਛੋਕੜ ਵਿੱਚੋਂ ਸਦਾਚਾਰੀ ਭਗਤ ਪੂਰਨ ਸਿੰਘ ਜੀ ਦਾ ਭਾਵ-ਬੋਧ ਪ੍ਰਫੁੱਲਿਤ ਹੋਇਆ ।

## ਭਗਤ ਪੂਰਨ ਸਿੰਘ ਅਤੇ ਸਭਿਆਚਾਰ....

ਭਗਤ ਜੀ ਟੁੱਟ ਰਹੀ ਤੇ ਟੁੱਟ ਜਾਣ ਦੀ ਸਥਿਤੀ ਤੋਂ ਬਾਖ਼ਬਰ ਕਰਨ



ਵਾਸਤੇ ਭਾਰਤੀ-ਚਿੰਤਨ ਅਤੇ ਧਾਰਮਿਕ ਮਰਿਯਾਦਾ ਦੀ ਚੇਤਨਤਾ ਦੁਆਰਾ ਕੁਰਾਹੇ ਪੈ ਰਹੀ ਲੋਕ ਵਿਧੀ ਨੂੰ ਸਭਿਆਚਾਰ ਦੀ ਸਿੱਖਿਆ ਦਿੰਦੇ ਰਹੇ । ਇਸ ਕਰਮ ਵਾਸਤੇ ਉਨ੍ਹਾਂ ਨੇ ਸੁਭਾਵਿਕ-ਬਚਨ ਬਾਣੀ ਵਰਗੀ ਵਾਰਤਾ ਦੀ ਸਿਰਜਣਾ ਕੀਤੀ । ਸਭਿਆਚਾਰ ਖੇਤਰ ਵਿੱਚ ਭਗਤ ਜੀ ਦੇ ਕਥਨ ਸਨ ਕਿ ਮਨੁੱਖ ਜਿੰਨਾ ਪ੍ਰਾਕ੍ਰਿਤਕ-ਭਾਵ ਨੂੰ ਅਪਣਾਏਗਾ ਓਨਾ ਹੀ ਉਸ ਦਾ ਸੰਕਲਪ ਸਵੱਛ ਤੇ ਸੁਦ੍ਰਿੜ੍ਹ ਬਣਦਾ ਜਾਏਗਾ । ਭਗਤ ਜੀ ਆਪ ਵੀ ਇਕ ਸੰਕਲਪ ਸਨ। ਉਨ੍ਹਾਂ ਦੇ ਇਸ ਸੰਕਲਪ ਵਿੱਚੋਂ ਹੀ ਸੇਵਾ, ਸਾਧਨਾ, ਸਾਦਗੀ, ਸਭਿਆਚਾਰ ਤੇ ਸ਼ਰਧਾ ਦਾ ਜਨਮ ਹੁੰਦਾ ਰਿਹਾ । ਭਗਤ ਜੀ ਦੀ ਪੂਰਨਤਾ ਅਤੇ ਸੰਪੰਨਤਾ ਦੇ ਸਾਕਾਰ ਦਰਸ਼ਨ ਕਰਨੇ ਹੋਣ ਤਾਂ ਉਨ੍ਹਾਂ ਦੇ ਜੀਵਨ ਦੇ ਇਸ ਤੱਥ ਵਿੱਚੋਂ ਕੀਤੇ ਜਾ ਸਕਦੇ ਹਨ ਕਿ ਉਹ ਧਰਤੀ ਦੀ ਸਮੁੱਚੀ ਹੋਂਦ ਦੀ ਹਕੀਕਤ ਦੇ ਉਪਾਸ਼ਕ ਸਨ । ਧਰਤੀ ਦੀ ਹੋਂਦ ਦਾ ਵਿਰੋਧ ਕਰਨ ਦੀ ਥਾਂ ਭਗਤ ਜੀ ਇਸ ਨੂੰ ਭਾਣੇ ਵਾਂਙ ਸਵੀਕਾਰ ਕਰਦੇ ਹੋਏ ਇਸ ਨਾਲ ਮਿੱਤਰਤਾ ਦਾ ਭਾਵ ਪੈਦਾ ਕਰ ਲੈਂਦੇ ਸਨ । ਇਸ ਪ੍ਰਕਾਰ ਦੇ ਕੁਦਰਤੀ ਮਿੱਤਰਤਾ-ਭਾਵ ਦਾ ਪ੍ਰਚਾਰ ਵੀ ਕਰਦੇ ਰਹੇ । ਉਨ੍ਹਾਂ ਦੀ ਇਸ ਮਿੱਤਰਤਾ ਨੂੰ ਭਾਰਤੀ ਭਗਤੀ-ਧਾਰਾ ਸਮ-ਭਾਵੀ ਹੋਣਾ ਆਖਦੀ ਰਹੀ ਹੈ । ਭਗਤ ਜੀ ਵੀ ਮਨੁੱਖ ਨੂੰ ਕੁਦਰਤ ਨਾਲ ਸਮ-ਭਾਵੀ ਹੋ ਕੇ ਰਹਿਣ ਦੀ ਸਿੱਖਿਆ ਦਿੰਦੇ ਰਹੇ । ਭਗਤ ਜੀ ਦੇ ਸਭਿਆਚਾਰਕ ਕਥਨ ਵੀ ਇਹੋ ਸਿੱਖਿਆ ਦਿੰਦੇ ਹਨ ਕਿ ਮਨੁੱਖ ਨੂੰ ਕੁਦਰਤੀ ਚੱਕਰ ਦਾ ਵਿਰੋਧ ਨਹੀਂ ਕਰਨਾ ਚਾਹੀਦਾ ਸਗੋਂ ਇਸ ਚੱਕਰ ਦੇ ਕੁਦਰਤੀ ਸੁਹੱਪਣ ਨੂੰ ਸਵੀਕਾਰ ਕਰਦੇ ਹੋਏ ਇਸ ਚੱਕਰ ਦੇ ਸੁਭਾਵਿਕ ਰੂਪ ਦੇ ਵਿਕਾਸ ਹਿੱਤ ਪ੍ਰਯਤਨਸ਼ੀਲ ਰਹਿਣਾ ਚਾਹੀਦਾ ਹੈ।

ਪ੍ਰਕ੍ਰਿਤੀ ਦਾ ਵਿਕਾਸ ਸੁਭਾਵਿਕ ਵਸਤੂ ਵਾਂਗ ਹੁੰਦਾ ਹੈ । ਵਿਕਾਸ ਕ੍ਰਮ ਨੂੰ ਜਦੋਂ ਅਸੀਂ ਅਸੁਭਾਵਿਕ ਬਣਾ ਲੈਂਦੇ ਹਾਂ ਤਦ ਅਸਾਡੇ ਰਾਹ ਵਿੱਚ ਔਕੜਾਂ ਆ ਖੜ੍ਹੀਆਂ ਹੁੰਦੀਆਂ ਹਨ । ਵੇਖਿਆ ਜਾਵੇ ਤਾਂ ਇਹ ਔਕੜਾਂ ਜ਼ਿੰਦਗੀ ਦੇ ਅਸਲੀ ਅਰਥਾਂ ਨੂੰ ਵੀ ਖੋਹ ਲੈਂਦੀਆਂ ਹਨ । ਇੰਵ ਸਭਿਆਚਾਰ ਦੀ ਸਿੱਖਿਆ ਦੇਣ ਲਈ ਭਗਤ ਜੀ ਭਾਰਤੀ ਮੂਲ ਦੀਆਂ ਸਾਧਾਰਣ ਵਸਤਾਂ ਦੇ ਮਹੱਤਵ ਨੂੰ ਸਮਝਾਉਣ ਵਾਸਤੇ ਹੀ ਨਹੀਂ ਸਗੋਂ ਉਨ੍ਹਾਂ ਦੀ ਹੋਂਦ ਨੂੰ ਦਰਸਾਉਣ ਲਈ ਕਿਤਾਬਚੇ, ਇਸ਼ਤਿਹਾਰ, ਵਿਗਿਆਪਨ ਨੁਮਾ ਪਰਚੇ ਪ੍ਰਕਾਸ਼ਿਤ ਕਰਕੇ ਪ੍ਰਸਾਰ-ਹਿੱਤ ਜਨ-ਸਾਧਾਰਣ ਤਕ ਪਹੁੰਚਾਉਣ ਦਾ ਉਪਰਾਲਾ ਕਰਦੇ ਰਹੇ । ਭਗਤ ਜੀ ਆਪਣੇ ਇਸ ਤਰ੍ਹਾਂ ਦੇ ਉਪਦੇਸ਼ਾਤਮਿਕ-ਪ੍ਰਸਾਰ ਸਦਕਾ ਆਪਣੀ

ਮਾਨਵੀ-ਮਿੱਤਰਤਾ ਨੂੰ ਵਧਾਉਂਦੇ ਰਹੇ । ਉਨ੍ਹਾਂ ਦੁਆਰਾ ਚਲਾਏ ਮਿੱਤਰਤਾ ਦੀ ਇਹ ਪ੍ਰਣਾਲੀ ਅੱਜ ਵੀ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ।

ਮਾਨਸਿਕ ਸਾਦਗੀ ਵਾਲਾ ਸੁਖਾਲਾ ਜਿਹਾ ਸਭਿਆਚਾਰ ਭਗਤ ਜੀ ਦੇ ਦਾਰਸ਼ਨਿਕ ਤੱਤ ਦਾ ਪ੍ਰਤੀਨਿਧ ਅੰਗ ਸੀ । ਇਸ ਸਿਲਸਿਲੇ ਅਧੀਨ ਭਗਤ ਜੀ ਦਾ ਸਭਿਆਚਾਰਕ ਵਿਸ਼ਵਾਸ ਆਉਂਦਾ ਹੈ । ਭਗਤ ਜੀ ਭਾਰਤੀ ਪਰੰਪਰਾ ਅਧੀਨ, ਦਰੱਖਤਾਂ, ਤ੍ਰਿਵੈਣੀਆਂ, ਪਸ਼ੂ-ਪੰਛੀਆਂ, ਪਾਣੀ, ਹਵਾ, ਧਰਤੀ, ਪਹਾੜਾਂ, ਨਦੀਆਂ, ਰਾਹਾਂ, ਵਿਸ਼ਵਾਸ, ਵਿਵਹਾਰ, ਵਿੱਦਿਆ ਤੇ ਗਿਆਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਸਾਰੀ ਉਮਰ ਪ੍ਰਯਤਨਸ਼ੀਲ ਰਹੇ। ਆਡੰਬਰ-ਹੀਣ ਹੋ ਕੇ ਹੀ ਭਾਵਨਾ ਨੂੰ ਅਪਣਾਇਆ ਜਾ ਸਕਦਾ ਹੈ । ਸਾਦਗੀ ਨੂੰ ਤਾਂ ਭਗਤ ਜੀ ਨੇ ਆਪਣਾ ਸੁਭਾਅ ਬਣਾ ਲਿਆ ਸੀ । ਸਾਦਗੀ, ਸਭਿਆਚਾਰ ਅਤੇ ਸ਼ਾਂਤ ਸੁਭਾਅ ਦੇ ਤਿੰਨ ਗੁਣ ਭਗਤ ਜੀ ਨੂੰ ਨਿਰਹੰਕਾਰ ਬਣਾਉਂਦੇ ਰਹੇ। ਹੰਕਾਰ ਬੰਧਨ ਹੁੰਦਾ ਹੈ । ਨਿਰਹੰਕਾਰ-ਭਾਵਨਾ ਬੰਧਨ ਹੀਣ ਹੁੰਦੀ ਹੈ । ਭਗਤ ਜੀ ਜਨ-ਸਧਾਰਣ ਨੂੰ ਸਾਦਾ ਰਹਿਣ ਲਈ ਇਸ ਲਈ ਆਖਦੇ ਸਨ ਤਾਂ ਕਿ ਉਹ ਕਿਸੇ ਹੰਕਾਰਮਈ ਬੰਧਨ ਵਿਚ ਪੈ ਕੇ ਆਪਣੀ ਜ਼ਿੰਦਗੀ ਨੂੰ ਬੋਝਲ ਨਾ ਬਣਾ ਲੈਣ ।

ਸਭਿਆਚਾਰਕ ਖੇਤਰ ਵਿੱਚ ਭਗਤ ਜੀ ਦੀ ਪਾਕ੍ਰਿਤਿਕ-ਧਾਰਨਾ, ਸੰਸਾਰ ਨੂੰ ਕਲੇਸ਼ ਮੁਕਤ ਰੱਖਣ ਦੀ ਸੀ । ਭਗਤ ਜੀ ਦਾ ਕਥਨ ਸੀ ਕਿ ਅਖੌਤੀ ਸੱਭਿਅਤਾ ਮਨੁੱਖ ਨੂੰ ਹੰਕਾਰੀ ਬਣਾਉਂਦੀ ਹੈ । ਇਹ ਤਾਂ ਭਲੀ-ਭਾਂਤ ਜਾਣਿਆ ਹੀ ਜਾ ਚੁੱਕਾ ਹੈ ਕਿ ਹੰਕਾਰ ਬੰਧਨ ਹੁੰਦਾ ਹੈ । ਭਗਤ ਜੀ ਜਦੋਂ ਲੋਕਾਚਾਰ ਨੂੰ ਫ਼ੈਸ਼ਨਵਾਦੀ, ਅਨਿਆਂ ਤੇ ਅਰਾਜਕਤਾ ਵਿੱਚ ਫਸਿਆ ਵੇਖਦੇ ਸਨ ਤਦ ਉਹ ਜਤ ਤੇ ਸਤ ਦਾ ਪ੍ਰਚਾਰ ਕਰਦੇ ਸਨ ।

ਭਗਤ ਜੀ ਨੇ ਸਭਿਆਚਾਰਕ ਤੱਤ ਆਪਣੀ ਮਾਂ ਪਾਸੋਂ ਪ੍ਰਾਪਤ ਕੀਤੇ ਸਨ । ਭਗਤ ਜੀ ਆਪ ਵੀ ਤਾਂ ਸੰਵੇਦਨਸ਼ੀਲ ਸਨ, ਸੰਵੇਦਨਸ਼ੀਲ ਸੋਚ ਮਨੁੱਖ ਨੂੰ ਮਨਨਸ਼ੀਲ ਬਣਾ ਕੇ ਕੁਦਰਤ ਦੀ ਵਿਸ਼ਾਲਤਾ ਨਾਲ ਜੋੜਦੀ ਹੈ । ਇੱਥੇ ਆ ਕੇ ਇਹ ਅਰਥ ਵੀ ਭਗਤ ਜੀ ਦੇ ਸੁਭਾਅ ਦੀ ਜਾਣਕਾਰੀ ਹਿੱਤ ਸਹਾਇਕ ਹੋਣਗੇ ਕਿ ਨਿਰਸੰਦੇਹ ਜਨਮ ਦੇਣ ਵਾਲੀ ਇਸਤਰੀ ਮਾਤਾ ਹੁੰਦੀ ਹੈ; ਪਰ ਮਾਂ ਦਾ ਅਰਥ ਗਾਂ ਤੇ ਧਰਤੀ ਵੀ ਹੁੰਦਾ ਹੈ । ਸੋ ਭਗਤ ਜੀ ਗਊ, ਗ਼ਰੀਬ ਅਤੇ ਧਰਤੀ ਮਾਤਾ ਨੂੰ ਵੀ ਮਹਾਨ ਸਮਝਦੇ ਸਨ ।



"ਜਿਹੜੀਆਂ ਮਾਵਾਂ ਆਪਣੇ ਬੱਚਿਆਂ ਨੂੰ ਸੱਚ ਬੋਲਣ, ਪਰਉਪਕਾਰ ਕਰਨ ਤੇ ਸੁਕ੍ਰਿਤ (ਸੱਚੀ ਸੁੱਚੀ ਕਿਰਤ) ਵਾਲੀਆਂ ਕਰੜੀਆਂ ਘਾਲਾਂ ਦੁਆਰਾ ਜੀਵਨ ਬਿਤਾਉਣ ਦੀ ਸਿੱਖਿਆ ਦਿੱਤਾ ਕਰਦੀਆਂ ਹਨ । ਉਹ ਜਿੱਥੇ ਆਪਣੇ ਬੱਚਿਆਂ ਨੂੰ ਸਤਿਕਾਰ ਤੇ ਚੜ੍ਹਦੀ ਕਲਾ ਵਾਲੇ ਜੀਵਨ ਦੇ ਰਾਹ 'ਤੇ ਤੋਰਿਆ ਕਰਦੀਆਂ ਹਨ ਉੱਥੇ ਉਹ ਸੰਸਾਰ ਵਿੱਚ ਅਜਿਹੇ ਬੰਦਿਆਂ ਦੀ ਗਿਣਤੀ ਵੀ ਵਧਾ ਜਾਇਆ ਕਰਦੀਆਂ ਹਨ ਜਿਹੜੇ ਸੰਸਾਰ ਤੇ ਪ੍ਰਾਣੀਆਂ ਨੂੰ ਸੁਖੀ ਤੇ ਖ਼ੁਸ਼ੀ ਰੱਖਣ ਵਾਲੇ ਹੁੰਦੇ ਹਨ ।"

(ਜਤੀ-ਸਤੀ, ਪੰਨਾ ੧੫੭)

ਇਸ ਪ੍ਰਕਾਰ ਦੇ ਸੰਸਕਾਰ ਉਨ੍ਹਾਂ ਨੇ ਆਪਣੀ ਮਾਂ ਪਾਸੋਂ ਗ੍ਰਹਿਣ ਕੀਤੇ ਸਨ । ਇਸ ਧਾਰਨਾ ਅਧੀਨ ਉਨ੍ਹਾਂ ਨੂੰ ਸਮਾਜ ਵਿੱਚ ਆ ਰਹੀਆਂ ਕੁਰੀਤੀਆਂ ਬਾਰੇ ਬੜੀ ਚਿੰਤਾ ਸੀ। ਆਪਣੀ ਇਸ ਚਿੰਤਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਉਹ ਆਪ ਇਕ ਉਦਾਹਰਣ ਬਣਕੇ ਜਿਉਂਦੇ ਰਹੇ ।ਇਸ ਸੰਦਰਭ ਅਧੀਨ ਉਹ ਸਮੁੱਚੇ ਸਮਾਜ ਵਾਸਤੇ ਅਜਿਹੀ ਜੀਵਨ-ਪੱਧਤੀ ਦਾ ਪ੍ਰਚਾਰ ਕਰਦੇ ਰਹੇ, ਜਿਹੜੀ ਸ਼ੁੱਧ ਸਭਿਆਚਾਰ ਸਰੂਪ ਨੂੰ ਸਥਿਰ ਰੱਖਣ ਲਈ ਸਹਾਇਕ ਹੋ ਸਕਦੀ ਸੀ। ਇਸ ਪਾਠ ਲਈ ਉਹ ਆਖਦੇ ਰਹੇ ਕਿ ਵਣ ਅਤੇ ਜਨ ਦੇ ਆਪਸੀ ਰਿਸ਼ਤੇ ਨੂੰ ਸਮਝਣਾ ਚਾਹੀਦਾ ਹੈ ।

ਭਗਤ ਜੀ ਵਣ ਭਾਵ ਬਨਸਪਤੀ, ਦਰੱਖਤਾਂ, ਜੰਗਲਾਂ, ਫੁੱਲਾਂ, ਟਾਹਣੀਆਂ, ਦੂਜਿਆਂ ਪੱਤਿਆਂ ਅਤੇ ਪਵਿੱਤਰ ਹਵਾ ਦੇ ਅਰਥਾਂ ਦਾ ਆਪਣੀਆਂ ਰਚਨਾਵਾਂ ਰਾਹੀਂ ਸਹਿਜ ਪ੍ਰਚਾਰ ਕਰਦੇ ਰਹੇ। ਮਨੁੱਖ ਆਪਣੀ ਧਰਤੀ ਉੱਤੋਂ ਦਰੱਖਤਾਂ ਨੂੰ ਵੱਢ ਕੇ ਆਪਣੇ ਵਾਸਤੇ ਮਾੜੀ ਲਿਖਤ ਅਤੇ ਮੰਦੀ ਕਿਰਤ ਨਾਲ ਆਪਣੀ ਮੌਤ ਨੂੰ ਆਪ ਸੱਦਾ ਦੇ ਰਿਹਾ ਹੈ । ਇਸ ਸਦਮੇ ਨੂੰ ਭਗਤ ਜੀ ਦਾ ਮਨ ਮਹਿਸੂਸ ਕਰਕੇ ਲੋਕ-ਬੁੱਧ ਨੂੰ ਦਰੱਖਤਾਂ ਪ੍ਰਤੀ ਸੁਚੇਤ ਕਰਨ ਹਿੱਤ ਕਲਮ ਚਲਾਉਂਦਾ ਰਿਹਾ । ਭਗਤ ਜੀ ਦਰੱਖਤਾਂ ਅਤੇ ਕੁਦਰਤੀ ਕਰਮ ਦੀ ਮਹਾਨਤਾ ਅਤੇ ਮਹੱਤਤਾ ਨੂੰ ਸਮਝਦੇ ਸਨ ; ਉਹ ਆਪਣੀ ਇਸ ਸੁਖਮ ਸਮਝ ਨੂੰ ਆਧਾਰ ਬਣਾ ਕੇ ਆਪਣੇ ਸਮਕਾਲੀ ਸਮਾਜ ਨੂੰ ਸਮਝਾਉਂਦੇ ਰਹੇ। ਇਸ ਪ੍ਰਕਰਣ ਅਧੀਨ ਸਾਡੇ ਲਈ ਭਗਤ ਜੀ ਦੇ ਯੋਗਦਾਨ, ਵਿਲੱਖਣ ਤੇ ਵੱਖਰੇ ਰੂਪ ਦੀ ਜਾਣਕਾਰੀ ਦਾ ਹੋਣਾ ਬਹੁਤ ਜ਼ਰੂਰੀ ਬਣਦਾ ਹੈ। ਭਗਤ ਜੀ ਫਲਾਂ, ਦਹੀਂ, ਦੁੱਧ, ਪਾਣੀ ਅਤੇ ਪੌਣ ਤੋਂ ਬਿਨਾਂ ਪਹਿਰਾਵੇ ਦੇ ਉਪਯੋਗੀ

ਹੋਣ ਬਾਰੇ ਆਪਣੇ ਅਕੀਦੇ ਨੂੰ ਸਮਾਜਿਕ ਹਿੱਤ ਖ਼ਾਤਰ ਆਪਣੀਆਂ ਰਚਨਾਵਾਂ ਦੁਆਰਾ ਪ੍ਰਸਾਰਿਤ ਕਰਦੇ ਰਹੇ ।

"ਤੂੰ ਗਰਮੀਆਂ ਦੀ ਰੁੱਤ ਵਿੱਚ ਸਾਰਾ-ਸਾਰਾ ਦਿਨ ਆਪਣੇ ਪਿੰਡ ਤੋਂ ਇਕ ਮੀਲ ਦੀ ਦੂਰੀ 'ਤੇ ਬਾਹਰ ਆ ਕੇ ਸਾਰੇ ਪਿੰਡ ਦੇ ਗਊਆਂ ਤੇ ਮੱਝਾਂ ਦੇ ਚੌਣੇ ਨੂੰ ਤੇ ਮੁਸਾਫ਼ਿਰਾਂ ਨੂੰ ਹੱਥ ਨਾਲ ਬਹੁਤ ਡੂੰਘੇ ਖੂਹ ਵਿੱਚੋਂ ਪਾਣੀ ਕੱਢ ਕੇ ਪਿਲਾਉਂਦੀ ਰਹੀ ਸੈਂ । ਫਿਰ ਤੂੰ ਪਿੰਡ ਵਿੱਚ ਰੁੱਖਾਂ ਦੀਆਂ ਤ੍ਰਿਵੈਣੀਆਂ ਲਗਾਈਆਂ ਤੇ ਪਾਲੀਆਂ ਸਨ (ਤ੍ਰਿਵੈਣੀ ਪਿੱਪਲ, ਬਰੋਟਾ ਤੇ ਨਿੰਮ-ਤਿੰਨਾਂ ਰੁੱਖਾਂ ਦੀ ਹੁੰਦੀ ਹੈ), ਉਨ੍ਹਾਂ ਤ੍ਰਿਵੈਣੀਆਂ ਨੂੰ ਤੂੰ ਮੈਨੂੰ ਨਾਲ ਲੈ ਕੇ ਪਾਣੀ ਪਾਉਂਦੀ ਰਹਿੰਦੀ ਸੈਂ।" ਜਤੀ ਸਤੀ ਪੰਨਾ ੧੬੮

ਭਗਤ ਜੀ ਨੇ ਆਪਣੇ ਇਸ ਮਨੋਰਥ ਵਾਸਤੇ ਪੱਛਮੀ ਵਿਦਵਾਨਾਂ ਦੇ ਕਥਨ ਵੀ ਆਪਣੀਆਂ ਰਚਨਾਵਾਂ ਵਿੱਚ ਦਰਜ ਕੀਤੇ ਹਨ । ਪੂਰਬੀ ਭਾਵ-ਧਾਰਾ ਅਨੁਸਾਰ ਭਗਤ ਜੀ ਨੇ ਸਭਿਆਚਰ, ਸੰਸਕ੍ਰਿਤੀ ਅਤੇ ਸੱਭਿਅਤਾ ਦੇ ਸਰਵੋਤਮ ਰੂਪ ਨੂੰ ਜਿੱਥੇ ਅਪਣਾਉਣ ਲਈ ਮਨੁੱਖੀ ਮਨ ਨੂੰ ਪ੍ਰੇਰਿਤ ਕੀਤਾ ਹੈ, ਉੱਥੇ ਹੀ ਉਨ੍ਹਾਂ ਨੇ ਪੱਛਮ ਦੇ ਸੁਚੱਜੇ ਕਥਨ ਵੀ ਦ੍ਰਿਸ਼ਟਾਂਤ ਵਜੋਂ ਬਾਖ਼ੂਬੀ ਪੇਸ਼ ਕੀਤੇ ਹਨ । ਭਗਤ ਜੀ ਦਾ ਹਰ ਸਮੇਂ ਇਹ ਕਹਿਣਾ ਹੁੰਦਾ ਸੀ ਕਿ ਜੀਵਨ-ਸੇਧ ਨੂੰ ਸਹਿਜ-ਧਾਰਾ ਅਧੀਨ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਜਿਉਂ-ਜਿਉਂ ਮਨੁੱਖ ਦੇ ਸੰਸਕਾਰ ਸਹਿਜ ਧਾਰਾ ਨੂੰ ਮੰਨਣ ਲੱਗ ਜਾਣਗੇ ਤਿਉਂ-ਤਿਉਂ ਇਹ ਧਰਤੀ ਮਾਨਸਿਕ, ਬੌਧਿਕ, ਸਰੀਰਕ ਤੇ ਭੂਗੋਲਿਕ ਪ੍ਰਦੂਸ਼ਣ ਤੋਂ ਬਚੀ ਰਹੇਗੀ।

ਭਾਰਤ ਦੀ ਸਮੁੱਚੀ ਭਗਤੀ-ਲਹਿਰ ਜੀਵਨ ਦੇ ਉਨ੍ਹਾਂ ਲੱਛਣਾਂ ਨੂੰ ਹੀ ਪੂਜਨੀਕ ਮੰਨਦੀ ਰਹੀ ਜਿਨ੍ਹਾਂ ਵਿੱਚ ਹੰਕਾਰ ਨਹੀਂ ਸੀ ਹੁੰਦਾ । ਹੰਕਾਰ ਨਾਲ ਮਾਨਸਿਕ ਪ੍ਰਦੂਸ਼ਣ ਵਧਦਾ ਹੈ । ਮਾਨਸਿਕ-ਪ੍ਰਦੂਸ਼ਣ ਨਾਲ ਮਨ ਮਤੀਏ ਪੈਦਾ ਹੁੰਦੇ ਰਹਿੰਦੇ ਹਨ । ਹੰਕਾਰ ਇਕ ਤਰ੍ਹਾਂ ਦਾ ਬਣਾਵਟੀ ਫ਼ੈਸ਼ਨ ਹੁੰਦਾ ਹੈ । ਦੂਜੇ ਸ਼ਬਦਾਂ ਵਿੱਚ ਵੇਖਿਆ ਜਾਵੇ ਤਾਂ ਆਖਿਆ ਜਾ ਸਕਦਾ ਹੈ ਕਿ ਫੈਸ਼ਨ-ਪ੍ਰਸਤੀ ਹੰਕਾਰ ਦਾ ਸੂਚਕ ਹੁੰਦੀ ਹੈ । ਸਾਦਗੀ ਅਤੇ ਸਹਿਜ ਭਾਵ ਨਾਲ ਜੁੜਿਆ ਜੀਵਨ-ਚੱਜ ਮਨੁੱਖ ਦੇ ਸਵੈ ਨੂੰ ਸ਼ਾਂਤ ਰੱਖਦਾ ਹੈ । ਇਸ ਵਿਧੀ ਤੇ ਵਿਧਾਨ ਅਧੀਨ ਭਗਤ ਜੀ ਦਾ ਆਪਣਾ ਜੀਵਨ ਸੁਚੱਜ, ਸਹਿਜ ਤੇ ਸ਼ਾਂਤ ਮਤੇ ਵਾਲਾ ਬਣਿਆ ਰਿਹਾ । ਇਸ ਪ੍ਰਕਰਣ ਨੂੰ ਉਨ੍ਹਾਂ ਦੇ ਉਤਰਾਧਿਕਾਰੀ ਡਾ. ਬੀਬੀ



ਇੰਦਰਜੀਤ ਕੌਰ ਹੋਰਾਂ ਨੇ ਵੀ ਅਪਣਾਇਆ ਹੋਇਆ ਹੈ। ਇੰਞ ਭਗਤ ਜੀ ਨੇ ਸਮਾਜ ਨੂੰ ਅਜਿਹੇ ਜੀਵਨ ਸੁਚੱਜ, ਵੱਲ ਲੈ ਜਾਣ ਦੀ ਪ੍ਰੇਰਣਾ ਦਿੱਤੀ ਜਿਸ ਵਿੱਚ ਭਾਰਤੀ ਪਰੰਪਰਾ ਅਤੇ ਪੰਜਾਬੀ ਸਭਿਆਚਾਰ ਦੇ ਸਦਗੁਣ ਸਮਾਏ ਹੋਏ ਹਨ । ਮਨੁੱਖ ਗੁਰਮੁਖ ਬਣ ਕੇ ਜਿਊਣ ਨੂੰ ਤਰਜੀਹ ਦਿੰਦਾ ਸੀ । ਇਸ ਤਰ੍ਹਾਂ ਦੀ ਸਿੱਖਿਆ ਲਈ ਭਗਤ ਪੂਰਨ ਸਿੰਘ ਜੀ ਦੇਸੀ ਵਸਤਾਂ, ਦੇਸੀ ਵਿਵਹਾਰ, ਦੇਸੀ ਰਹਿਣ ਮਰਯਾਦਾ ਅਤੇ ਦਾਰਸ਼ਨਿਕਤਾ ਦੇ ਸਹਿਜ ਚਿੰਤਨ ਦੀ ਸਿਫ਼ਾਰਸ਼ ਤੇ ਵਕਾਲਤ ਕਰਦੇ ਰਹੇ ।

ਨਿੰਮ ਦੇ ਦਰੱਖਤ ਦਾ ਗੁਣਗਾਣ ਕਰਨਾ, ਪਿੱਪਲ ਨੂੰ ਪੂਜਨੀਕ ਸਮਝਣਾ, ਨਦੀਆਂ ਦੇ ਪਾਣੀ ਦੀ ਪਵਿੱਤਰਤਾ ਨੂੰ ਬਣਾਈ ਰੱਖਣਾ, ਆਪਣੇ ਵਿਕਲਪ ਤੇ ਸੰਕਲਪ ਨੂੰ ਸਵਦੇਸ਼ੀ ਭਾਵ-ਧਾਰਾ ਅਧੀਨ ਵਿਕਸਿਤ ਕਰਨ ਲਈ ਉਪਰਾਲੇ ਕਰਦੇ ਰਹਿਣਾ, ਭਗਤ ਜੀ ਦੁਆਰਾ ਸਭਿਆਚਾਰ ਦੀ ਇਸ ਪ੍ਰਕਾਰ ਦੀ ਪਿੱਠ-ਭੂਮੀ ਦੀ ਉਸਾਰੀ ਲਈ ਕੀਤੀ ਘਾਲਣਾ ਲਾਭਦਾਇਕ ਸਿੱਧ ਹੋਈ ।

## ਸਮ-ਭਾਵੀ ਭਗਤ ਪੂਰਨ ਸਿੰਘ ਜੀ ਦੀ ਵੇਦਨਾ...

ਸੰਸਾਰਿਕ ਵਿਵਸਥਾ ਅਤੇ ਵਸਤਾਂ ਵਿੱਚ ਉਤਰਾਅ ਅਤੇ ਚੜਾਅ ਆਉਂਦੇ ਰਹਿੰਦੇ ਹਨ । ਇਸ ਪ੍ਰਕਾਰ ਦੇ ਦੌਰ ਦੌਰਾਨ ਆਮ ਆਦਮੀ ਡੋਲਦਾ, ਰੁਲਦਾ ਅਤੇ ਰੋਂਦਾ ਰਹਿੰਦਾ ਹੈ, ਪਰ ਦ੍ਰਿੜ੍ਹ ਸੰਕਲਪ ਰੱਖਣ ਵਾਲਾ ਪੁਰਸ਼ ਵਿਵਸਥਾ ਅਤੇ ਵਸਤਾਂ ਦੇ ਉਤਰਾਅ ਅਤੇ ਚੜ੍ਹਾਅ ਨੂੰ ਸਮ-ਭਾਵ ਨਾਲ ਹੀ ਸਵੀਕਾਰ ਕਰਦਾ ਹੈ । ਸੰਸਾਰਿਕ ਸਮਰੱਥਾ ਅਤੇ ਸੰਸਾਰਿਕ ਦ੍ਰਿਸ਼ਟੀ ਵਾਲਾ ਮਨੁੱਖ ਥਿੜਕ ਵੀ ਸਕਦਾ ਹੈ, ਪਰ ਇਸਦੇ ਉਲਟ ਆਤਮ-ਗਿਆਨੀ ਤਾਂ ਅਡੋਲ ਰਹਿੰਦਾ ਹੈ । ਗਿਆਨ ਦੀ ਪੂਰਨ ਸ਼ੁੱਧ ਅਵਸਥਾ ਨੂੰ ਅਸੀਂ ਆਤਮ ਗਿਆਨ ਆਖ ਸਕਦੇ ਹਾਂ । ਸੰਸਾਰਿਕ ਘੱਲੂਘਾਰੇ ਕਮਜ਼ੋਰ ਮਨੁੱਖ ਦੇ ਅਡੋਲ ਵਿਰਸੇ ਨੂੰ ਮਿਟਾ ਕੇ ਉਸਦੇ ਅੰਦਰ ਇਕ ਹੌਲ ਜਿਹਾ ਭਰ ਦਿੰਦੇ ਹਨ। ਇਸ ਦਸ਼ਾ 'ਚੋਂ ਨਿਕਲਿਆ ਜਾ ਸਕਦਾ ਹੈ; ਪਰ ਪਾਰ ਉਤਾਰੇ ਵਾਸਤੇ ਜਿਸ ਸਾਧਨਾ ਦੀ ਲੋੜ ਪੈਂਦੀ ਹੈ ਉਸ ਲਈ ਵਿਸ਼ਵਾਸ ਲਈ ਕਮਾਈ ਦੀ ਲੋੜ ਹੁੰਦੀ ਹੈ ।

ਸਥਿਰ ਸੁਭਾਅ ਵਾਲੇ ਵਿਅਕਤੀ ਸਮ-ਭਾਵੀ ਹੋ ਕੇ ਦੁੱਖ ਸੁੱਖ ਨੂੰ ਸਮ-ਭਾਵ ਨਾਲ ਵੇਖਦੇ ਹਨ। ਇਸ ਤਰ੍ਹਾਂ ਸਮ-ਭਾਵੀ ਅਵਸਥਾ ਵਿੱਚ

ਵਿਚਰਨ ਵਾਲੇ ਲੋਕ ਅਡੋਲ ਹੁੰਦੇ ਹਨ । ਇਸ ਅਵਸਥਾ ਨੂੰ ਅਗੰਮੀ ਅਵਸਥਾ ਵੀ ਆਖਿਆ ਜਾ ਸਕਦਾ ਹੈ । ਇਸ ਸੰਦਰਭ ਦੀ ਪੂਰਤੀ ਵਾਸਤੇ ਆਖਿਆ ਜਾ ਸਕਦਾ ਹੈ ਕਿ ਭਗਤ ਪੂਰਨ ਸਿੰਘ ਜੀ ਸਮ-ਭਾਵੀ ਸੱਜਣ ਸਨ । ਉਨ੍ਹਾਂ ਸਾਹਮਣੇ ਔਕੜਾਂ ਹੀ ਔਕੜਾਂ ਸਨ । ਉਨ੍ਹਾਂ ਨੇ ਇਨ੍ਹਾਂ ਔਕੜਾਂ, ਤਕਲੀਫ਼ਾਂ, ਰੁਕਾਵਟਾਂ, ਮੁਸ਼ਕਲਾਂ, ਅਣਹੋਣੀਆਂ, ਤੇ ਅਨਿਆਂ ਨੂੰ ਆਦਰ ਭਾਵ ਨਾਲ ਨਹੀਂ ਸਗੋਂ ਬੜੇ ਠਰ੍ਹੰਮੇ ਨਾਲ ਸਵੀਕਾਰ ਕੀਤਾ। ਉਹ ਅਡੋਲ ਬਣੇ ਰਹੇ ਤੇ ਨਿਰਾਦਰੀ ਦਾ ਕੋਈ ਵੀ ਅੰਸ਼ ਉਨ੍ਹਾਂ ਦੇ ਵਿਵਹਾਰ ਵਿੱਚ ਸ਼ਾਮਲ ਨਹੀਂ ਸੀ। ਜਿਹੜਾ ਮਨੁੱਖ ਆਪਣੇ ਅਕੀਦੇ ਨੂੰ ਆਦਰ ਤੇ ਸਤਿਕਾਰ ਨਾਲ ਸਵੀਕਾਰ ਨਹੀਂ ਕਰਦਾ, ਉਹ ਮਨੁੱਖ ਜ਼ਿੰਦਗੀ ਵਿੱਚ ਜਿੱਤ ਨਹੀਂ ਸਕਦਾ । ਭਗਤ ਜੀ ਦੇ ਸਮੁੱਚੇ ਸਿਲੇਬਸ ਵਿੱਚ ਜਿੱਤ ਤੇ ਹਾਰ ਦੇ ਅੰਸ਼ ਤਾਂ ਕਿਤੇ ਵੀ ਸ਼ਾਮਲ ਨਹੀਂ; ਉਹ ਤਾਂ ਵਿਚਰਦੇ ਸਨ ਤੇ ਵਿਚਰਦੇ ਰਹੇ ।

ਭਗਤ ਜੀ ਦਾ ਅਕੀਦਾ ਉਨ੍ਹਾਂ ਵਾਸਤੇ ਇਕ ਭਾਵਨਾ ਵਾਂਗ ਸੀ । ਉਨ੍ਹਾਂ ਦੀ ਭਾਵਨਾ ਬਾਰੇ ਦੱਸਿਆ ਜਾ ਚੁੱਕਾ ਹੈ ਕਿ ਉਨ੍ਹਾਂ ਦਾ ਸੰਕਲਪ ਤਾਂ ਮਾਨਵਵਾਦੀ ਸੀ । ਸੇਵਾ ਉਨ੍ਹਾਂ ਦਾ ਸੰਕਲਪ ਸੀ । ਇਸ ਸੰਕਲਪ ਦੀ ਪੂਰਤੀ ਲਈ ਉਨ੍ਹਾਂ ਨੇ ਆਪਣੀ ਉਮਰ ਦੇ ਹਰ ਪ੍ਰਕਾਰ ਦੇ ਸੁਖ ਨੂੰ ਤਿਆਗ ਕੇ ਦੂਜਿਆਂ ਵਾਸਤੇ ਸੁਖ ਦੀ ਯੋਜਨਾ ਤਿਆਰ ਕੀਤੀ । ਯੋਜਨਾ ਤਿਆਰ ਕੀ ਕੀਤੀ ਉਹ ਤਾਂ ਇਸ ਯੋਜਨਾ ਦੀ ਸਿਰਜਣਾ ਕਰਦੇ ਰਹੇ । ਭਗਤ ਜੀ ਆਪਣੀ ਭਾਵਨਾ ਦੀ ਪੂਰਤੀ ਲਈ ਸਮ-ਭਾਵੀ ਬਣ ਕੇ ਇਕ ਲੰਮੀ ਯਾਤਰਾ ਦੀ ਪੂਰਤੀ ਕਰਦੇ ਰਹੇ ।

"ਭਾਰਤ ਦਾ ਸਭਿਆਚਾਰ ਸਾਨੂੰ ਤਿੰਨ ਗੱਲਾਂ ਲਈ ਪ੍ਰੇਰਦਾ ਹੈ ਦਇਆ, ਦਮਨ ਤੇ ਦਾਨ । ਭਗਤ ਜੀ ਨੇ ਇਨ੍ਹਾਂ ਸਾਰੀਆਂ ਗੱਲਾਂ ਦਾ ਪ੍ਰਚਾਰ ਕੀਤਾ ਤੇ ਵਧਦੀ ਅਬਾਦੀ ਨੂੰ ਰੋਕਣ ਲਈ ਦਮਨ ਨੂੰ ਆਪਣੀ ਜ਼ਿੰਦਗੀ ਦਾ ਸ਼ਿੰਗਾਰ ਬਣਾਉਣ ਲਈ ਨਸੀਹਤ ਦਿੱਤੀ । ਇਹ ਤਾਂ ਪ੍ਰਤੱਖ ਹੀ ਹੈ ਕਿ ਭਗਤ ਜੀ ਗ਼ਰੀਬਾਂ, ਸਮਾਜ ਦੇ ਲਤਾੜਿਆਂ ਹੋਇਆਂ, ਲਾਵਾਰਸਾਂ ਨਾਲ ਡੂੰਘੀ ਸਾਂਝ ਰੱਖਦੇ ਹੋਏ, ਵਾਹਿਗੁਰੂ ਨੂੰ ਸੁਆਸ-ਸੁਆਸ ਯਾਦ ਕਰਦੇ ਅਤੇ ਮੇਰੇ ਵਰਗਿਆਂ ਨੂੰ ਵੀ ਇਸ ਰਾਹ 'ਤੇ ਤੋਰਨ ਲਈ ਆਪਣਾ ਪੂਰਾ ਤਾਣ ਲਾ ਦਿੰਦੇ ਸਨ, ਜਿਸਦਾ ਪਤਾ ਉਹਨਾਂ ਦੀ ਡਾ: ਇੰਦਰਜੀਤ ਕੌਰ ਨੂੰ ਲਿਖੀ ਹੋਈ ਇਕ ਚਿੱਠੀ ਤੋਂ ਲੱਗਦਾ ਹੈ-"ਤੈਨੂੰ ਸਹੀ ਧੀ ਬਣਨ ਲਈ ਵੈਰਾਗਣ ਬਣਨਾ ਪਵੇਗਾ।



ਤੂੰ ਬਾਣੀ ਦੇ ਭਾਵੀ-ਪੁਣੇ ਵਿਚ ਕਦੇ ਨਾਗਾ ਨਾ ਪਾਵੀਂ, ਬਾਹਰ ਵੀ ਜਾਵੇਂ ਤਾਂ ਇਹੀ ਕੱਪੜੇ, ਗ਼ਰੀਬਾਂ ਵਾਲੇ ਖੱਦਰ ਦੇ ਪਾ ਕੇ ਜਾਵੀਂ । ਆਪਾਂ ਨੇ ਵੈਰਾਗ ਦੀ ਤੇ ਨੀਵੇਂ ਹੋਣ ਦੀ ਸ਼ਕਲ ਪੇਸ਼ ਕਰਨੀ ਹੈ ।

**"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥"**

(ਅੰਗ ੧੫)

ਮੇਰੇ ਜੀਵਨ ਦਾ ਸਭ ਤੋਂ ਵੱਡਾ ਲੱਛਣ ਵੈਰਾਗ ਹੈ । ਤਪ ਨਾਲ ਹੀ ਜੀਵਨ ਗੁਜ਼ਾਰਨਾ ਭਾਗਾਂ ਵਾਲਾ ਬਣਨਾ ਹੁੰਦਾ ਹੈ । ਫਿਰ ਮੈਂ ਚਾਹੁੰਦਾ ਹਾਂ ਕਿ ਖੱਦਰ ਪਹਿਨਿਆ ਜਾਵੇ, ਕੱਪੜੇ ਰੋਜ਼ਾਨਾ ਬਦਲਾਏ ਜਾਣ, ਨਾ ਹੀ ਦੁੱਧ ਵਰਗੇ ਚਿੱਟੇ ਹਰ ਵੇਲੇ ਰੱਖੇ ਜਾਣ; ਇਹ ਅਮੀਰਾਂ ਦੀਆਂ ਨਿਸ਼ਾਨੀਆਂ ਹਨ । ਅਸੀਂ ਸਾਂਝ ਗ਼ਰੀਬਾਂ ਨਾਲ ਰੱਖਣੀ ਹੈ ।"

ਭਗਤ ਜੀ ਦੀ ਜ਼ਿੰਦਗੀ ਵਿੱਚ ਮਜ਼ਬੂਰੀਆਂ ਦੇ ਝੱਖੜ ਆਉਂਦੇ ਰਹੇ ਤੇ ਉਨ੍ਹਾਂ ਝੱਖੜਾਂ ਵਿੱਚ ਵੀ ਭਗਤ ਜੀ ਅਡੋਲ-ਭਾਵ ਨਾਲ ਆਪਣੇ ਉਦੇਸ਼ ਦੀ ਪੂਰਤੀ ਵੱਲ ਸਰਵ-ਸ੍ਰੇਸ਼ਟ ਸੇਵਾਦਾਰ ਵਾਂਙ ਪੁਲਾਂਘ ਪੁੱਟਦੇ ਰਹੇ । ਭਗਤ ਜੀ ਦੇ ਦ੍ਰਿੜ੍ਹ ਇਰਾਦੇ ਵਿੱਚੋਂ ਪੁਖਤਾ ਪੁਲਾਘਾਂ ਆਪਣੀ ਮੰਜ਼ਲ ਵੱਲ ਵਧਦੀਆਂ ਰਹੀਆਂ ਤੇ ਇਸ ਸਾਧਨਾ ਦੀ ਪੂਰਤੀ ਤੇ ਪ੍ਰਾਪਤੀ ਨੂੰ 'ਪਿੰਗਲਵਾੜਾ' ਕਿਹਾ ਜਾ ਸਕਦਾ ਹੈ ।

ਪਿੰਗਲਵਾੜੇ ਨੂੰ ਭੌਤਿਕ ਅੱਖਾਂ ਨਾਲ ਵੇਖਣ ਸਮੇਂ ਅਸਾਨੂੰ ਇਹ ਮਜ਼ਲੂਮਾਂ ਲਈ ਰੈਣ ਬਸੇਰਾ ਜਾਪਦਾ ਹੈ, ਪਰ ਅਸਲ ਵਿੱਚ ਇਹ ਸਥਾਨ ਬੇਆਸਰਿਆਂ ਦਾ ਆਸਰਾ ਤੇ ਨਿਤਾਣਿਆਂ ਲਈ ਤੀਰਥ ਵਾਂਗ ਹੈ । ਅੱਜ ਦੇ ਸੁਆਰਥੀ ਸਮੇਂ, ਵਿੱਚ ਅਸਾਡੇ ਸਮਾਜ ਵਿੱਚ ਬਹੁਤ ਸਾਰੇ ਦਇਆਵਾਨ ਜਜ਼ਬੇ ਵੀ ਜਿਊਂਦੇ ਹਨ ਜਿਹੜੇ ਕੇਵਲ ਆਪਣੀ ਜ਼ਿੰਦਗੀ ਵਿੱਚ ਆਪਣੇ ਲਈ ਹੀ ਨਹੀਂ ਜਿਊਂਦੇ ਸਗੋਂ ਉਹਨਾਂ ਨੂੰ ਆਪਣੇ ਆਲੇ-ਦੁਆਲੇ ਦੇ ਦੁੱਖ ਦਰਦ ਦਾ ਵੀ ਖ਼ਿਆਲ ਰਹਿੰਦਾ ਹੈ । ਅਜਿਹੇ ਦਇਆਵਾਨ ਜਜ਼ਬੇ ਹੀ ਤਾਂ 'ਪਿੰਗਲਵਾੜਾ' ਸੰਸਥਾ ਦੀ ਮਲਕੀਅਤ ਹਨ । ਇਸ ਤਰ੍ਹਾਂ ਦੇ ਦਇਆਵਾਨ ਖ਼ਿਆਲ ਕਿਸੇ ਆਸਰੇ ਪ੍ਰਚਾਰ ਤੇ ਪ੍ਰਸਾਰ ਨਾਲ ਵਧਦੇ ਫੁਲਦੇ ਰਹਿੰਦੇ ਹਨ। 'ਪਿੰਗਲਵਾੜਾ' ਇਕ ਅਜਿਹਾ ਆਸਰਾ ਹੈ ਜਿਸ ਦਾ ਜਨਮ ਸਮ-ਭਾਵੀ ਫ਼ਕੀਰਨੁਮਾ ਦਰਵੇਸ਼ ਭਗਤ ਪੂਰਨ ਸਿੰਘ ਦੀ ਘਾਲਣਾ ਵਿੱਚੋਂ ਹੋਇਆ ।

ਗਿਆਨ ਦਾ ਅਰਥ ਹੁੰਦਾ ਹੈ ਸੰਕਲਪ ਅਤੇ ਭਗਤੀ ਦਾ ਭਾਵ ਹੁੰਦਾ ਹੈ ਸਮਰਪਣ । ਸੰਕਲਪ ਅਤੇ ਸਮਰਪਣ ਦੇ ਵਿਵਹਾਰ ਦਾ ਚਿੱਤਰ ਜਿਹੜਾ ਭਗਤ ਜੀ ਦੇ ਜੀਵਨ ਵਿੱਚੋਂ ਰੂਪਮਾਨ ਹੁੰਦਾ ਹੈ ਉਸਦਾ ਉਦੇਸ਼ ਇਹ ਸੀ ਕਿ ਭਗਤ ਜੀ ਨੇ ਆਪਣੇ ਗਿਆਨ ਨੂੰ ਵੀ ਸੇਵਾ-ਭਾਵ ਵਾਂਗ ਵੰਡਿਆ । ਗਿਆਨ ਦੀ ਇਸ ਵੰਡ ਨੂੰ ਵੀ ਅਸੀਂ ਭਗਤੀ ਅਰਥਾਤ ਸਮਰਪਣ ਹੀ ਆਖ ਸਕਦੇ ਹਾਂ । ਸਮ-ਭਾਵੀ ਤੇ ਪ੍ਰਬੁੱਧ ਹੋਣ ਕਰਕੇ ਭਗਤ ਜੀ ਦੀ ਭਾਵਨਾ, ਲੋਕ ਮਾਨਸ ਤੇ ਲੋਕ ਬੁੱਧ ਨੂੰ ਅਜਿਹਾ ਸ਼ਿਸ਼ਟਾਚਾਰ ਪ੍ਰਦਾਨ ਕਰਦੀ ਸੀ ਜਿਸ ਨਾਲ ਲੋਕ-ਜੀਵਨ, ਸਾਊ, ਸੁਚੱਜਾ ਤੇ ਸਵੱਛ ਸਪੱਸ਼ਟ, ਸੁੰਦਰ, ਸਵਾਸਥ ਸੁਕੋਮਲ ਤੇ ਸੱਚਾ ਸੁੱਚਾ ਬਣ ਸਕੇ । ਭਗਤ ਜੀ ਦੁਆਰਾ ਪ੍ਰਸਾਰਿਤ ਪ੍ਰਚਾਰ, ਪ੍ਰਚਾਰ ਨਹੀਂ ਸਗੋਂ ਜੀਵਨ-ਔਸ਼ਧ ਦਾ ਰੂਪ ਧਾਰਨ ਕਰਕੇ ਲੋਕ-ਕਲਿਆਣ ਦਾ ਪਿਆਰਾ ਜਿਹਾ ਪ੍ਰਯਤਨ ਬਣ ਬੈਠਦਾ ਹੈ । ਇੰਞ ਅਸੀਂ ਆਖ ਸਕਦੇ ਹਾਂ ਕਿ ਭਗਤ ਜੀ ਦੀ ਧਾਰਨਾ ਅਮੋਲ ਤੇ ਅਮੁੱਲ ਹੈ । ਇਸ ਧਾਰਨਾ ਨੂੰ ਅਪਣਾਉਣ ਵਾਲੇ ਦਾ ਭਲਾ ਹੁੰਦਾ ਰਹੇਗਾ ।

**"ਭਗਤ ਪੂਰਨ ਸਿੰਘ ਜੀ ਬਾਰੇ ਲੋਕਾਂ ਨੂੰ ਇਹ ਦੱਸਣ ਵਿੱਚ ਮੈਨੂੰ ਕੋਈ ਸੰਕੋਚ ਨਹੀਂ ਕਿ ਉਹ ਸਰਵ-ਸ੍ਰੇਸ਼ਟ ਸੇਵਾਦਾਰ ਹਨ ਅਤੇ ਮੈਨੂੰ ਐਸੀ ਮਹਾਨ, ਪਵਿੱਤਰ ਆਤਮਾ ਦਾ ਮਿੱਤਰ ਹੋਣ ਦਾ ਬਹੁਤ ਮਾਣ ਹੈ। ਸਾਹਿਤ ਪ੍ਰਤੀ ਲਗਨ ਤੇ ਗਿਆਨ ਨਾਲ ਤਾਂ ਉਹਨਾਂ ਮੇਰੇ ਪੂਜਯ ਪਿਤਾ ਜੀ ਦੀਵਾਨ ਬਹਾਦਰ ਰਾਜਾ ਨਰੇਂਦਰ ਨਾਥ ਦਾ ਪਿਆਰ ਤੇ ਸਤਿਕਾਰ ਵੀ ਹਾਸਲ ਕੀਤਾ।**

**ਮੈਂ ਉਨ੍ਹਾਂ ਨੂੰ ੩੫ ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਜਾਣਦਾ ਹਾਂ ਅਤੇ ਕਈ ਵਾਰ ਉਨ੍ਹਾਂ ਨੂੰ ਬਹੁਤ ਨੇੜਿਉਂ ਹੋ ਕੇ ਵੇਖਣ ਦਾ ਮੌਕਾ ਮਿਲਿਆ । ਮੈਂ ਉਨ੍ਹਾਂ ਨੂੰ ਸਮਾਜ ਵਿੱਚ ਇਉਂ ਜੁੜਿਆ ਮਹਿਸੂਸ ਕੀਤਾ ਜਿਸਦੇ ਮਨ 'ਚ ਸੇਵਾ ਦੀ ਬੇਸ਼ੁਮਾਰ ਅੱਗ ਲੱਗੀ ਹੋਵੇ । ਉਹਨਾਂ ਦਾ ਜੀਵਨ ਤਿਆਗ, ਲਗਨ ਅਤੇ ਸੰਜਮ ਵਾਲਾ ਜੀਵਨ ਰਿਹਾ ਹੈ । ਸੱਚਾਈ ਇਹ ਹੈ ਕਿ ਉਨ੍ਹਾਂ ਦੇ ਜੀਵਨ ਦਾ ਉਦੇਸ਼ ਗਿਆਨਵਾਨ ਪਵਿੱਤਰਤਾ ਅਤੇ ਕ੍ਰਿਆਤਮਕ ਪਰਮਾਰਥ ਦੇਣ ਵਾਲਾ ਰਿਹਾ ਹੈ ਅਤੇ ਸੇਵਾ ਦਾ ਕੋਈ ਛੋਟੇ ਤੋਂ ਛੋਟਾ ਪੱਖ ਵੀ ਉਹਨਾਂ ਦੀਆਂ ਨਜ਼ਰਾਂ ਤੋਂ ਉਹਲੇ ਨਹੀਂ ਰਿਹਾ।"**

**-ਦੀਵਾਨ ਆਨੰਦ ਕੁਮਾਰ ਐਮ.ਏ,**
**ਪੁਸਤਕ : ਜਾਣ-ਪਛਾਣ ਭਗਤ ਪੂਰਨ ਸਿੰਘ ਬਾਨੀ**
**ਪਿੰਗਲਵਾੜਾ ਅੰਮ੍ਰਿਤਸਰ ਪੰਨਾ ੪**



ਅਸਾਡੀ ਜ਼ਿੰਦਗੀ ਜਿਉਂ-ਜਿਉਂ ਕੁਰਾਹੇ ਪਵੇਗੀ ਤਿਉਂ-ਤਿਉਂ ਲੋਕ ਜੀਵਨ ਨਾਲ ਜੁੜੀ ਸੰਵੇਦਨਾ ਪੀੜਿਤ ਹੋਵੇਗੀ । ਇਸ ਤੱਥ ਦੇ ਅਧੀਨ ਤੇ ਅਨੁਕੂਲ ਹੀ ਭਗਤ ਜੀ ਆਪਣੇ ਚੌਗਿਰਦੇ ਦੀ ਚਾਹਤ ਨੂੰ ਨਿਰਮਲ ਰੱਖਣ ਲਈ ਲੋਕ-ਵੇਦਨਾ, ਲੋਕ-ਦਰਦ ਤੇ ਲੋਕ ਤਕਲੀਫ਼ ਨੂੰ ਮਹਿਸੂਸ ਕਰਦੇ ਹੋਏ ਲਿਖਦੇ ਰਹੇ । ਪੂਰਨ ਪ੍ਰਿੰਟਿੰਗ ਪ੍ਰੈੱਸ ਵੀ ਇਸ ਗੱਲ ਦਾ ਜੀਵਤ ਪ੍ਰਮਾਣ ਹੈ।

ਜਤ, ਸਤ ਤੇ ਸੰਤੋਖ ਦੀਆਂ ਕਹਾਣੀਆਂ ਸੁਣਾਉਣ ਵਾਲੀ ਰੂਹ ਨੇ ਲੋਕਾਚਾਰ ਵਿੱਚ ਪ੍ਰਵੇਸ਼ ਪਾਉਣ ਵਾਲੇ ਭ੍ਰਿਸ਼ਟਾਚਾਰ ਪ੍ਰਤੀ ਲੋਕ-ਬੁੱਧ ਨੂੰ ਸੁਚੇਤ ਕਰਨ ਲਈ, ਲੋਕ ਭਲਾਈ ਲਈ ਲੋਕ ਹਿੱਤ ਵਾਲੇ ਸਾਹਿਤ ਦੀ ਰਚਨਾ ਕੀਤੀ। ਭਗਤ ਜੀ ਦੀ ਇਹ ਸਾਰੀ ਰਚਨਾ, ਉਹਨਾਂ ਦੀ ਆਂਤਰਿਕ ਪੀੜਾ ਨੂੰ ਦਰਸਾਉਣ ਵਾਲੀ ਬਾਣੀ ਹੈ। ਉਨ੍ਹਾਂ ਦੀਆਂ ਰਚਨਾਵਾਂ ਇੰਞ ਸਾਰ ਰੂਪ ਵਿੱਚ, ਆਖਿਆ ਜਾ ਸਕਦਾ ਹੈ ਕਿ ਭਗਤ ਜੀ ਦੁਆਰਾ ਰਚਿੱਤ ਸਾਹਿਤ ਵਿਚਲੀ ਸੰਭਾਵਨਾ ਮਨੁੱਖ ਨੂੰ ਮਰਯਾਦਿਤ ਕਰਨ ਲਈ ਅਜਿਹੀ ਵਿਧੀ ਹੈ ਜਿਸ ਵਿੱਚ ਆਪਾ ਹੈ, ਅਪਣੱਤ ਹੈ, ਮੋਹ ਹੈ, ਮਮਤਾ ਹੈ, ਸੰਦੇਸ਼ ਹੈ ਅਤੇ ਸਨੇਹ ਹੈ ।

ਆਪੇ, ਅਪਣੱਤ, ਮੋਹ, ਮਮਤਾ, ਸੰਦੇਸ਼ ਅਤੇ ਸਨੇਹ ਵਾਲਾ ਸਾਹਿਤ ਮਨੋਰੰਜਕ ਹੋਣ ਦੀ ਥਾਵੇਂ ਮਨਮੋਹਕ ਹੁੰਦਾ ਹੈ ਤੇ ਉਪਯੋਗੀ ਹੁੰਦਾ ਹੈ । ਸੋ, ਭਗਤ ਜੀ ਨੇ ਜਿੰਨਾ ਕੁਝ ਵੀ ਲਿਖਿਆ ਉਹ ਵੇਦਨਾਮਈ ਹੋ ਕੇ ਲੋਕ ਉਪਚਾਰ ਦਾ ਹੇਤੂ ਬਣਿਆ । ਭਗਤ ਜੀ ਦੇ ਸਾਹਿਤ ਨੂੰ ਪੜ੍ਹਦਿਆਂ ਮਨ ਦੀ ਚੰਚਲਤਾ ਮਿਟਦੀ ਹੈ ਤੇ ਮਨ ਵਿੱਚ ਸੇਧ, ਸਵੱਛਤਾ ਤੇ ਸੁੰਦਰਤਾ ਦਾ ਪ੍ਰਵੇਸ਼ ਹੁੰਦਾ ਹੈ। ਸੋ ਜੇਕਰ ਵੇਦਨਾ ਸਰੂਪ ਭਗਤ ਜੀ ਦੀਆਂ ਰਚਨਾਵਾਂ ਬਾਰੇ ਅਤਿਅੰਤ ਸੰਖੇਪ ਵਿੱਚ ਕੁਝ ਕਹਿਣਾ ਹੋਵੇ ਤਾਂ ਆਖਿਆ ਜਾ ਸਕਦਾ ਹੈ ਕਿ ਭਗਤ ਜੀ ਨੇ ਜੋ ਕੁਝ ਵੀ ਰਚਿਆ ਹੈ ਉਸਦਾ ਮਨੋਰਥ, ਮਨੁੱਖ ਨੂੰ ਸੇਧ ਦੇਣਾ ਬਣਦਾ ਹੈ।

ਐਕਸੀਡੈਂਟ ਤਕ ਭਗਤ ਜੀ ਦੀ ਦ੍ਰਿਸ਼ਟੀ ਗਈ । ਮਾਸਾਹਾਰੀ ਪ੍ਰਵਿਰਤੀ ਤਕ ਦਾ ਵਿਸ਼ੇਲਸ਼ਣ ਕੀਤਾ। ਗਊ ਵਦ ਦੇ ਵਿਰੁੱਧ ਲਿਖਿਆ । ਜਿੱਥੇ ਵੀ ਸਮ-ਭਾਵੀ ਭਗਤ ਜੀ ਦੀ ਵੇਦਨਾ ਜਾਗ੍ਰਿਤ ਹੋ ਕੇ ਮਨੁੱਖ-ਮਾਤਰ ਲਈ ਤੜਪਦੀ ਉੱਥੇ ਹੀ ਉਹ ਲੋਕਾਂ ਦੇ ਪਥ-ਪ੍ਰਦਰਸ਼ਨ ਲਈ ਰਚਨਾਵਾਂ ਰਚਦੇ । ਇਨ੍ਹਾਂ ਰਚਨਾਵਾਂ ਦੀ ਖ਼ੂਬੀ ਇਹ ਹੈ ਕਿ ਇਨ੍ਹਾਂ ਦੇ ਪ੍ਰਕਾਸ਼ਨ ਵਿੱਚ

ਧਨ ਤੇ ਲਾਭ ਦੀ ਗੱਲ ਕੋਹਾਂ ਦੂਰ ਹੈ । ਇਹ ਸਾਹਿਤ ਤਾਂ ਲੋਕ ਹਿੱਤ ਲਈ ਮੁਫ਼ਤ ਵੰਡਿਆ ਜਾਂਦਾ ਹੈ, ਜਿਸ ਨੂੰ ਅਸੀਂ ਸਾਹਿਤ ਦੇ ਨਾਲ-ਨਾਲ ਸੇਧ ਵੀ ਆਖ ਸਕਦੇ ਹਾਂ ।

ਸੇਧ ਦੀ ਖ਼ੂਬੀ ਇਹ ਹੁੰਦੀ ਹੈ ਕਿ ਉਹ ਸਿੱਧੇ ਰਾਹ ਨੂੰ ਅਪਣਾਉਣ ਲਈ ਆਖਦੀ ਹੈ । ਸਿੱਧੇ ਰਾਹ ਵਿੱਚ ਹੰਕਾਰ ਨਹੀਂ ਹੁੰਦਾ । ਭਗਤ ਜੀ ਦੀ ਆਪਣੀ ਸਮੁੱਚੀ ਰਹਿਤ-ਮਰਯਾਦਾ ਹੰਕਾਰਹੀਣ ਤਾਂ ਹੈ ਹੀ ਦੂਜੇ ਪਾਸੇ ਉਸ ਵਿੱਚ ਨਿਮਰਤਾ ਦਾ ਦਿਵਯ-ਰੂਪ ਵਿਦਮਾਨ ਹੈ । ਇਸ ਨਿਮਰਤਾ ਦੇ ਦਿਵਯ ਗੁਣ ਦਾ ਮੂਲ ਰਹੱਸ ਇਹ ਸੀ ਕਿ ਭਗਤ ਜੀ ਗੁਰਬਾਣੀ ਉੱਤੇ ਹੀ ਨਹੀਂ ਸਗੋਂ ਸਮੁੱਚੀ ਭਾਰਤੀ ਦਾਰਸ਼ਨਿਕਤਾ ਦੇ ਨਾਲ-ਨਾਲ ਵਿਸ਼ਵ-ਪੱਧਰ ਦੇ ਸਾਰੇ ਦੇ ਸਾਰੇ ਅਧਿਆਤਮਿਕ ਤੱਥ ਨੂੰ ਅਪਣਾਉਂਦੇ ਰਹੇ ।

ਇਸ ਧਾਰਨਾ ਅਧੀਨ ਹੀ ਭਗਤ ਜੀ ਦਾ ਵਿਸ਼ਵਾਸ ਵਿਸ਼ਵ-ਪੱਧਰ ਦਾ ਵਿਸ਼ਵਾਸ ਸੀ । ਭਗਤ ਜੀ ਦੀ ਵਿਸ਼ਵ-ਪੱਧਰ ’ਤੇ ਪਹਿਚਾਣ ਇਸ ਲਈ ਨਹੀਂ ਹੋ ਸਕੀ ਕਿਉਂਕਿ ਉਹ ਪਰਪੰਚ ਅਤੇ ਵਿਖਾਵੇਬਾਜ਼ੀ ਤੋਂ ਕੋਹਾਂ ਦੂਰ ਸਨ। ਸੰਸਥਾ ਵਿੱਚ  ਦੀਨਤਾ ਤੇ ਦਿਵਯ-ਪ੍ਰਕਾਸ਼ ਦੀ ਪਹਿਚਾਣ ਲਈ ਸਮਰਪਣ ਵਾਲੀ ਸਾਧਨਾ ਤੇ ਸੁਚੇਤਨਾ ਦੀ ਲੋੜ ਪੈਂਦੀ ਹੈ । ਭਗਤ ਜੀ ਕੋਲ ਦ੍ਰਿਸ਼ਟੀ ਸੀ, ਇਸ ਦ੍ਰਿਸ਼ਟੀ ਨੂੰ ਅਸੀਂ ਸਮਰਪਣ ਦੀ ਦ੍ਰਿਸ਼ਟੀ ਆਖ ਸਕਦੇ ਹਾਂ । ਕਈ ਵਾਰ ਹੀ ਕਿਉਂ, ਆਮ ਤੌਰ ’ਤੇ ਇਹ ਹੁੰਦਾ ਹੈ ਕਿ ਅੱਖਾਂ ਤੇ ਅਕਲ ਹੁੰਦਿਆਂ ਵੀ ਵੇਖ ਨਹੀਂ ਰਹੇ ਹੁੰਦੇ। ਇਸ ਤਰ੍ਹਾਂ ਦੀ ਹਾਲਤ ਅਸਾਡੇ ਭੌਤਿਕਵਾਦੀ ਹੋਣ ਕਰਕੇ ਪੈਦਾ ਹੁੰਦੀ ਹੈ । ਭੌਤਿਕਤਾ ਦੀ ਸੰਭਾਲ ਲਈ ਵੀ ਸੰਤੁਲਿਤ ਹੋਣ ਦੀ ਲੋੜ ਪੈਂਦੀ ਹੈ । ਅਸਾਡੇ ਸਮਾਜ ਵਿੱਚ ਕੁਝ ਅਜਿਹੇ ਕੁਚੱਜੇ ਕਾਰਨ ਹਨ ਜਿਨ੍ਹਾਂ ਨਾਲ ਅਸੀਂ ਆਪ ਜ਼ਿੰਮੇਵਾਰ ਹਾਂ, ਉਨ੍ਹਾਂ ਕਾਰਨਾਂ ਕਰਕੇ ਮਾਨਵਤਾ ਦਾ ਇਕ ਹਿੱਸਾ ਬਹੁਤ ਵੱਡੇ ਕਸ਼ਟ ਵਿੱਚ ਦਿਨ ਗੁਜ਼ਾਰ ਰਿਹਾ ਹੈ । ਇਸ ਪ੍ਰਕਾਰ ਦੇ ਕਸ਼ਟਾਂ ਨੂੰ ਅਸੀਂ ਉਤਪੰਨ ਹੀ ਨਹੀਂ ਕਰਦੇ ਸਗੋਂ ਉਪਜ ਦੀ ਪੈਦਾਵਾਰੀ ਸਾਧਨਾਂ ਉੱਤੇ ਕਬਜ਼ਾ ਜਮਾ ਕੇ ਕਸ਼ਟ ਦੀ ਮਾਤਰਾ ਵਿੱਚ ਵਾਧਾ ਕਰਦੇ ਰਹਿੰਦੇ ਹਾਂ । ਇਸ ਪ੍ਰਕਾਰ ਦੇ ਕਸ਼ਟ ਦੀ ਕਹਾਣੀ ਨੂੰ ਮਹਿਸੂਸ ਕਰਦੇ ਹੋਏ ਭਗਤ ਜੀ ਲਿਖਦੇ ਹਨ । ਉਨ੍ਹਾਂ ਦੀ ਇਕ ਲਿਖਤ ਵਿੱਚ ਅਹਿਸਾਸ ਹਨ ; ਜਿਵੇਂ ਕਿ:



## ਸਾਵਧਾਨ ! ਸਾਵਧਾਨ !! ਸਾਵਧਾਨ !!!

“ਭਾਰਤ ਵਿੱਚ ਹਰ ਸਾਲ ਦਸ ਲੱਖ ਪੰਜਾਹ ਹਜ਼ਾਰ ਹੈਕਟੇਅਰ ਦੇ ਹਿਸਾਬ ਨਾਲ ਜੰਗਲਾਂ ਦਾ ਰਕਬਾ ਘਟਦਾ ਜਾ ਰਿਹਾ ਹੈ । ਜੇ ਜੰਗਲਾਂ ਦੇ ਐਡੇ ਵੱਡੇ ਰਕਬੇ ਦੀ ਹਰ ਸਾਲ ਦੀ ਕਟਾਈ ਨੂੰ ਜੇ ਛੇਤੀ ਤੋਂ ਛੇਤੀ ਰੋਕ ਨਾ ਪਾਈ ਗਈ ਤੇ ਜੰਗਲਾਂ ਦਾ ਰਕਬਾ ਛੇਤੀ ਤੋਂ ਛੇਤੀ ਤੇ ਵੱਧ ਤੋਂ ਵੱਧ ਨਾ ਵਧਾਇਆ ਗਿਆ ਤਾਂ ਭਾਰਤ ਦੀ ਸਾਰੀ ਧਰਤੀ ਰੇਤ ਦਾ ਮਾਰੂਥਲ ਬਣ ਜਾਵੇਗੀ । ਧਰਤੀ ਰੇਤ ਦਾ ਮਾਰੂਥਲ ਹੋਣ ਤੋਂ ਤਾਂ ਹੀ ਬਚ ਸਕਦੀ ਹੈ ਜੇਕਰ ਮੈਦਾਨੀ ਇਲਾਕੇ ਵਿੱਚ 100 ਵਿੱਚੋਂ 21 ਹਿੱਸੇ ਦੇ ਹਿਸਾਬ ਨਾਲ ਅਤੇ ਪਹਾੜੀ ਇਲਾਕੇ ਵਿੱਚ 100 ਵਿੱਚੋਂ 66 ਹਿੱਸੇ ਦੇ ਹਿਸਾਬ ਨਾਲ ਜੰਗਲ ਲੱਗੇ ਹੋਏ ਹੋਣ । ਸੰਨ  1930 ਵਿੱਚ ਭਾਰਤ ਦਾ ਸਮੁੰਦਰ ਤੋਂ ਬਾਹਰੀ ਧਰਤੀ ਦਾ ਤੀਜਾ ਹਿੱਸਾ ਜੰਗਲਾਂ ਨਾਲ ਕੱਜਿਆ ਹੋਇਆ ਸੀ । 1951 ਵਿੱਚ ਉਸ ਰਕਬੇ ਵਿੱਚ 100 ਵਿੱਚੋਂ 23 ਦੇ ਹਿਸਾਬ ਨਾਲ ਜੰਗਲ ਬਾਕੀ ਰਹਿ ਗਏ ਸਨ; ਪਰ 1989 ਵਿੱਚ ਜੰਗਲਾਂ ਦਾ ਇਹ ਰਕਬਾ ਘਟ ਕੇ 100 ਵਿੱਚੋਂ 10 ਹਿੱਸੇ ਹੀ ਰਹਿ ਗਿਆ ਹੈ । ਜੇ ਇਨ੍ਹਾਂ ਜੰਗਲਾਂ ਦੀ ਅੰਨ੍ਹੇਵਾਹ ਹੋ ਰਹੀ ਕਟਾਈ ਨੂੰ ਛੇਤੀ ਤੋਂ ਛੇਤੀ ਨਾ ਰੋਕਿਆ ਗਿਆ ਤੇ ਰੁੱਖ ਲਾ ਕੇ ਧਰਤੀ ਨੂੰ ਉੱਤੇ ਦਿੱਤੇ ਗਏ ਹਿਸਾਬ ਨਾਲ ਨਾ ਕੱਜਿਆ ਗਿਆ ਤਾਂ ਸੋਕੇ ਆਉਣਗੇ, ਕਾਲ ਆਉਣਗੇ, ਧਰਤੀ ਖੁਰੇਗੀ ਤੇ ਰੇਤ ਦਾ ਮਾਰੂਥਲ ਬਣ ਜਾਵੇਗੀ ।”

ਜਾਗ੍ਰਿਤੀ ਦੇ ਮਨੋਰਥ ਦੀ ਪੂਰਤੀ ਲਈ ਸੰਵੇਦਨਸ਼ੀਲ ਭਗਤ ਜੀ ਨੇ ਪੂਰਨ ਪ੍ਰਿੰਟਿੰਗ ਪ੍ਰੈਸ ਲਾਇਆ । ਇਸ ਪ੍ਰੈੱਸ ਤੋਂ ਪ੍ਰਕਾਸ਼ਿਤ ਹੋਣ ਵਾਲੀਆਂ ਪੁਸਤਕਾਂ ਦੀ ਖ਼ੂਬੀ ਇਹ ਹੈ ਕਿ ਇਨ੍ਹਾਂ ਪੁਸਤਕਾਂ ਦੀ ਭਾਸ਼ਾ, ਸ਼ੈਲੀ  ਅਤੇ ਸੁਭਾਵ ਸਰਲ ਹੀ ਨਹੀਂ ਸਗੋਂ ਇੰਵ ਹੈ ਜਿਵੇਂ ਇਹ ਰਚਨਾਵਾਂ  ਕਿਸੇ ਵਿਸ਼ਾਲ ਭਾਈਚਾਰੇ ਦੀ ਸਿਰਜਣਾ ਕਰ ਰਹੀਆਂ ਹੋਣ । ਇਨ੍ਹਾਂ ਰਚਨਾਵਾਂ ਦੀ ਅਪਣੱਤ ਵਿੱਚ ਅਸਰਦਾਇਕ ਭਾਵਨਾ ਹੈ। ਇਹ ਰਚਨਾਵਾਂ, ਮਨੁੱਖ ਨੂੰ ਕੁਦਰਤੀ ਨਿਯਮਾਂ ਦੀ ਸਿਫ਼ਤ ਦੱਸਦੀਆਂ ਹਨ । ਇਨ੍ਹਾਂ ਪੁਸਤਕਾਂ ਦੁਆਰਾ ਅਸਾਨੂੰ ਭਗਤ ਜੀ ਦੇ ਵੇਦਨਾਮਈ ਵਿਵਹਾਰ ਦਾ ਹੀ ਪਤਾ ਨਹੀਂ ਲੱਗਦਾ ਸਗੋਂ ਮਰਯਾਦਿਤ-ਜੀਵਨ ਜਿਊਣ ਦੀ ਲਾਭਦਾਇਕ ਸਿੱਖਿਆ ਵੀ ਮਿਲਦੀ ਹੈ । ਇਸ ਤਰ੍ਹਾਂ ਭਗਤ ਜੀ ਆਪਣੇ ਸਮਕਾਲੀ ਸਮਾਜ ਨੂੰ ਸੁਚੱਜੇ ਭਵਿੱਖ ਦੀ ਸਿਰਜਣਾ ਕਰਨ ਲਈ ਕਈ ਨਿਯਮ ਵੀ ਦੱਸਦੇ ਹਨ ਜਿਵੇਂ ਕਿ :-

-ਕੁਦਰਤੀ ਸੋਮਿਆਂ ਦੀ ਰੱਖਿਆ ਕਰੋ ।

- ਸਾਦਾ ਜੀਵਨ ਬਤੀਤ ਕਰੋ ।

-ਵੱਧ ਤੋਂ ਵੱਧ ਰੁੱਖ ਲਗਾ ਕੇ ਮਨੁੱਖਤਾ ਦਾ ਭਲਾ ਕਰੋ ।

-ਖਾਦੀ ਦਾ ਕੱਪੜਾ ਪਹਿਨ ਕੇ ਬੇਰੁਜ਼ਗਾਰੀ ਨੂੰ ਘਟਾਉਣ ਵਿੱਚ ਮਦਦ ਕਰੋ।

-ਸਾਦਾ ਖਾਣਾ, ਸਾਦਾ ਪਾਉਣਾ ਤੇ ਸਾਦਗੀ ਵਿੱਚ ਰਹਿਣ ਦਾ ਅਨੰਦ ਹੀ ਵੱਖਰਾ ਹੈ ।

-ਡੀਜ਼ਲ ਤੇ ਪੈਟਰੋਲ ਦੀ ਘੱਟ ਤੋਂ ਘੱਟ ਵਰਤੋਂ ਕਰੋ । ਵਧ ਰਹੀ ਅਬਾਦੀ ਨੂੰ ਠੱਲ੍ਹ ਪਾਉਣ ਲਈ ਸੰਜਮ-ਮਈ ਜੀਵਨ ਬਤੀਤ ਕਰੋ।

-ਰੋ ਰਹੇ ਹਵਾ, ਪਾਣੀ ਅਤੇ ਧਰਤੀ ਮਾਤਾ ਦੀ ਪੁਕਾਰ ਸੁਣੋ, ਰੁੱਖ ਲਾਉਣੇ ਨਾ ਭੁੱਲੋ, ਰੁੱਖ ਦੇਸ਼ ਦੀ ਖ਼ੁਸ਼ਹਾਲੀ ਦਾ ਅਧਾਰ ਹਨ ।

-ਬਰਸਾਤ ਦੇ ਮੌਸਮ ਵਿੱਚ ਹਰ ਇਕ ਪ੍ਰਾਣੀ ਘੱਟੋ ਘੱਟ ਇਕ ਰੁੱਖ ਜ਼ਰੂਰ ਲਗਾ ਕੇ ਮਾਨਵਤਾ ਦਾ ਭਲਾ ਕਰੇ ।

-ਜਾਨਵਰਾਂ ਦੀ ਰੱਖਿਆ ਲਈ ਮਨੁੱਖ ਨੂੰ ਆਪਣੇ ਅੰਦਰ ਦਇਆ-ਮਈ ਭਾਵਨਾ ਰੱਖਦਿਆਂ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ ।

ਭਗਤ ਜੀ ਨੇ ਆਪਣੀਆਂ ਰਚਨਾਵਾਂ ਵਿੱਚ ਖਾਣ ਪੀਣ ਦੇ ਗੁਣ ਦੋਸ਼ਾਂ ਦੀ ਚਰਚਾ ਕਰਕੇ, ਮਨੁੱਖ ਲਈ ਸਦਾਚਾਰੀ ਅਤੇ ਸਵੱਛ ਜੀਵਨ ਜਿਉਣ ਦੀ ਸਪੱਸ਼ਟ ਵਾਰਤਾ ਦਾ ਹਲੀਮੀ ਭਰਿਆ ਜ਼ਿਕਰ ਕੀਤਾ ਹੈ ।

## ਭਗਤ ਜੀ ਤੇ 'ਪਿੰਗਲਵਾੜਾ' ਦੀ ਸਥਾਪਨਾ

ਭਗਤ ਜੀ ਦਾ ਆਪਾ, ਜ਼ਿੰਦਗੀ ਦੀ ਯਾਤਰਾ ਵਿੱਚੋਂ ਸਫਲਤਾ ਪ੍ਰਾਪਤ ਕਰ ਸਕਣ ਵਾਲਾ ਸਵੈ-ਵਿਸ਼ਵਾਸ ਹੈ । ਸ਼ਾਂਤ ਮਤੇ ਦੀ ਖ਼ੂਬੀ ਹੁੰਦੀ ਹੈ ਕਿ ਉਹ ਵਿਰੋਧੀ ਹਾਲਾਤ ਨੂੰ ਪਾਣੀ ਵਾਂਗ ਪੀ ਜਾਂਦਾ ਹੈ ਤੇ ਵਿਸ਼ਾਲ ਦ੍ਰਿਸ਼ਟੀ ਦਾ ਮੰਚ ਬਣਾ ਲੈਂਦਾ ਹੈ । ਆਪਣੇ ਹਾਰਦਿਕ-ਮੰਚ ਵਿੱਚੋਂ ਦਰਵੇਸ਼ ਦਿਲ ਵੱਖ ਵੱਖ ਕਿਸਮਾਂ ਦੇ ਨਾਦ ਪੈਦਾ ਕਰਦਾ ਰਹਿੰਦਾ ਹੈ । ਸੇਵਾ ਦਾ ਨਾਦ ਤੇ ਭਗਤੀ ਦਾ ਨਾਦ ਭਗਤ ਪੂਰਨ ਸਿੰਘ ਜੀ ਦੀ ਬਹੁਤ ਵੱਡੀ ਧਿਰ ਬਣਦਾ ਰਿਹਾ । ਇੰਵ ਭਗਤ ਪੂਰਨ ਸਿੰਘ ਜੀ ਦੇ ਅੰਦਰੋਂ ਭਗਤੀ ਤੇ ਸੇਵਾ ਦਾ ਨਾਦ ਉਤਪੰਨ ਹੋਇਆ। ਇਸ ਨਾਦ ਨੂੰ ਅਸੀਂ ਸੇਵਾ ਦਾ ਸੰਗੀਤ ਵੀ ਆਖ ਸਕਦੇ ਹਾਂ ।

ਜੇਕਰ ਸਹਿਜ-ਭਾਵਨਾ ਵਿੱਚ ਭਗਤੀ ਦੀ ਵਿਆਖਿਆ ਕਰਨੀ ਹੋਵੇ



ਤਾਂ ਆਖਿਆ ਜਾ ਸਕਦਾ ਹੈ ਕਿ ਭਗਤੀ ਧਰਮ ਦੀ ਧੜਕਣ ਹੁੰਦੀ ਹੈ; ਧਰਮ ਦਾ ਮੂਲ ਤੱਤ ਹੁੰਦੀ ਹੈ ਭਗਤੀ । ਭਗਤੀ ਦੇ ਬਹੁਤ ਸਾਰੇ ਰੂਪ ਹੁੰਦੇ ਹਨ । ਇਨ੍ਹਾਂ ਬਹੁਤ ਸਾਰੇ ਰੂਪਾਂ ਵਿੱਚੋਂ ਪ੍ਰੇਮਾ-ਭਗਤੀ ਇਕ ਅਜਿਹੀ ਧਾਰਨਾ ਹੈ ਜਿਸ ਦਾ ਕਾਰਜ ਖੇਤਰ ਸੇਵਾ-ਭਾਵ ਅਤੇ ਉਪਾਸ਼ਨਾ ਨਾਲ ਜੁੜਦਾ ਹੈ । ਪ੍ਰੇਮਾ ਭਾਵ ਦੀ ਉਪਾਸ਼ਨਾ ਵਿਸ਼ਾਲਤਾ ਨਾਲ ਆਪਣਾ ਸੰਬੰਧ ਕਾਇਮ ਕਰ ਲੈਂਦੀ ਹੈ। ਇਸ ਪ੍ਰਕਾਰ ਦੀ ਵਿਸ਼ਾਲਤਾ ਵਿਅਕਤੀਗਤ ਸਾਰਥਿਕਤਾ ਅਤੇ ਨਿੱਜੀ ਮਾਨਸਿਕ-ਤ੍ਰਿਪਤੀ ਤੋਂ ਉੱਪਰ ਉੱਠ ਕੇ ਲੋਕ ਸੇਵਾ ਦਾ ਜਾਮਾ ਪਹਿਨ ਲੈਂਦੀ ਹੈ । ਇੰਵ ਕਿਹਾ ਜਾ ਸਕਦਾ ਹੈ ਕਿ ਭਗਤ ਪੂਰਨ ਸਿੰਘ ਜੀ ਦੀ ਪ੍ਰੇਮਾ-ਭਗਤੀ ਸੇਵਾ-ਭਾਵ ਦੁਆਰਾ ਪ੍ਰਫੁੱਲਿਤ ਹੁੰਦੀ ਰਹੀ ।

ਏਥੇ ਆ ਕੇ ਭਗਤੀ ਤੇ ਬਾਹਰੀ ਵਸਤਾਂ ਦੀ ਵਿਆਖਿਆ ਹੋ ਸਕਦੀ ਹੈ । ਭਗਤੀ ਤੋਂ ਬਿਨਾਂ ਧਰਮ ਕੇਵਲ ਸਿਧਾਂਤਕ ਚਰਚਾ ਦਾ ਵਿਸ਼ਾ ਬਣ ਕੇ ਹੀ ਰਹਿ ਜਾਂਦਾ ਹੈ । ਸਿਧਾਂਤਕ ਚਰਚਾ ਦਾ ਵਿਸ਼ਾ ਭਗਤੀ, ਸੇਵਾ ਤੇ ਸਮਰਪਣ ਨਾਲ ਰੂਪਮਾਨ ਹੋ ਕੇ ਭਾਵਨਾ ਦਾ ਰੂਪ ਗ੍ਰਹਿਣ ਕਰਦਾ ਹੈ । ਵੇਖਿਆ ਜਾਵੇ ਤਾਂ 'ਪਿੰਗਲਵਾੜਾ' ਭਗਤੀ, ਸੇਵਾ ਤੇ ਸਮਰਪਣ ਦਾ ਸਾਕਾਰਾਤਮਿਕ ਸਰੂਪ ਹੈ । ਦਲੀਲ ਤੇ ਦਿਲ ਵਿੱਚ ਜਿਹੜਾ ਭੇਦ ਹੁੰਦਾ ਹੈ ਉਹ ਸਿਧਾਂਤ ਤੇ ਭਗਤੀ ਵਿੱਚ ਹੁੰਦਾ ਹੈ; ਪਰ ਭਗਤੀ ਵਿੱਚ ਕਿਤੇ ਵੀ ਉਲਝਾ ਨਹੀਂ ਹੁੰਦਾ ਜਦਕਿ ਸਿਧਾਂਤ ਉਲਝ ਵੀ ਸਕਦਾ ਹੈ । ਭਗਤੀ ਵਿੱਚ ਪ੍ਰਵਾਹ ਹੁੰਦਾ ਹੈ, ਨਦੀ ਦੇ ਵਹਿਣ ਵਾਂਗ ਭਗਤੀ ਧਾਰਾ ਵਹਿੰਦੀ ਰਹਿੰਦੀ ਹੈ । 'ਪਿੰਗਲਵਾੜਾ' ਭਗਤੀ ਤੇ ਉਪਾਸ਼ਨਾ ਵਿੱਚੋਂ ਪੈਦਾ ਹੋਈ ਸੰਸਥਾ ਹੈ ।

## ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥

**(ਅੰਗ ੧੩੮੧)**

ਭਗਤੀ ਇਕ ਅਜਿਹਾ ਅਨੁਭਵ ਹੁੰਦਾ ਹੈ ਜਿਸ ਦੁਆਰਾ ਭਗਤ ਨੂੰ ਆਪਣੇ ਆਲੇ ਦੁਆਲੇ ਦੀ ਸਮੁੱਚੀ ਹੋਂਦ ਵਿੱਚੋਂ ਆਪਣਾ ਆਪ ਹੀ ਨਜ਼ਰ ਆਉਂਦਾ ਹੈ । ਇਕ ਕੇਂਦਰ ਉੱਤੇ ਅਟਕਿਆਂ ਭਗਤ ਦਾ ਆਪਾ ਜਦੋਂ ਆਪਣੀ ਅੰਦਰਲੀ ਧੜਕਣ ਨੂੰ, ਸੰਸਾਰ ਦੀਆਂ ਬਾਹਰੀ ਵਸਤਾਂ ਨਾਲ ਜੋੜਦਾ ਹੈ ਤਦ ਉਹ ਭਗਤ ਹੋਣ ਦੇ ਨਾਲ-ਨਾਲ ਤਪੱਸਵੀ ਵੀ ਬਣ ਬੈਠਦਾ ਹੈ । ਇੰਵ 'ਪਿੰਗਲਵਾੜਾ' ਅੰਮ੍ਰਿਤਸਰ ਭਗਤੀ ਅਤੇ ਤਪੱਸਿਆ ਵਿੱਚੋਂ ਪੈਦਾ ਹੋਈ ਸੇਵਾ-ਪੰਥੀ ਸੰਸਥਾ ਹੈ ।

ਸੇਵਾ ਦੇ ਸੰਗੀਤ ਦੀ ਮਿਠਾਸ ਦਾ ਅਨੰਦ ਸੇਵਾਦਾਰ ਹੀ ਮਾਣ ਸਕਦਾ ਹੈ । ਭਗਤ, ਸੇਵਾ ਦੁਆਰਾ ਇਕ ਅਜਿਹੇ ਆਨੰਦ ਦੀ ਉਤਪਤੀ ਕਰ ਲੈਂਦਾ ਹੈ ਜਿਸ ਦੁਆਰਾ ਭਗਤ ਦੀਆਂ ਭਾਵਨਾਵਾਂ ਦਿਨ-ਪ੍ਰਤੀ-ਦਿਨ ਦ੍ਰਵਿਤ ਹੁੰਦੀਆਂ ਰਹਿੰਦੀਆਂ ਹਨ । ਭਗਤ ਪੂਰਨ ਸਿੰਘ ਜੀ ਤਾਂ ਦਿਆਲੂ-ਦ੍ਰਿਸ਼ਟੀ ਦਾ ਸਦਾਚਾਰ ਸਨ । ਇਸ ਸਦਾਚਾਰ ਵਿੱਚੋਂ ਪਿੰਗਲਵਾੜਾ ਵਰਗੀ ਸੇਵਾ ਦੀ ਸੰਸਥਾ ਦਾ ਜਨਮ ਹੋਇਆ । ਇੰਞ ਆਖਿਆ ਜਾ ਸਕਦਾ ਹੈ ਕਿ ਪਿੰਗਲਵਾੜਾ ਇਕ ਕਿਰਤ ਹੈ, ਇਕ ਕ੍ਰਿਸ਼ਮਾ ਹੈ । ਪਿੰਗਲਵਾੜਾ ਸੇਵਾ ਤੇ ਸਹਿਯੋਗ ਦੀ ਸੰਸਥਾ ਦੇ ਨਾਲ-ਨਾਲ ਮਹਾਂਦਾਨ ਵੀ ਹੈ । ਇਸ ਮਹਾਂਦਾਨ ਪਿੱਛੇ ਦਾਨੀ ਪੁਰਸ਼ਾਂ ਦੇ ਭਾਵ ਤੱਤ ਦਾ ਪਰਮਾਰਥੀ ਹੱਥ ਹੈ ।

ਦਿਆਲੂ-ਦ੍ਰਿਸ਼ਟੀ ਦੇ ਸਦਾਚਾਰ ਨੂੰ ਅਸੀਂ ਸੇਵਾ ਆਖ ਸਕਦੇ ਹਾਂ। ਪੂਰਨ ਸਿੰਘ ਜੀ ਦਿਆਲੂ-ਦ੍ਰਿਸ਼ਟੀ ਦਾ ਪਰਮਾਰਥੀ ਪ੍ਰਮਾਣ ਸਨ । ਅਜਿਹੀ ਸ਼ਖ਼ਸੀਅਤ ਗੁਰਮੁਖ ਤੇ ਗੁਰਸਿੱਖ ਹੋਣ ਦੇ ਨਾਲ-ਨਾਲ ਵੈਸ਼ਨਵ ਵੀ ਹੁੰਦੀ ਹੈ। ਇਸ ਗੱਲ ਦੇ ਇਤਿਹਾਸਿਕ-ਪਰਿਪੇਖ ਦੀ ਪ੍ਰਾਚੀਨਤਾ ਨੂੰ ਵੇਖਣਾ ਹੋਵੇ ਤਾਂ ਆਖਿਆ ਜਾ ਸਕਦਾ ਹੈ ਕਿ ਭਾਰਤ ਵਿਚਲੀ ਭਗਤੀਧਾਰਾ ਦੇ ਸਾਰੇ ਦੇ ਸਾਰੇ ਸੰਕਲਪ ਲੋਕ ਭਲਾਈ, ਲੋਕ ਹਿੱਤ ਤੇ ਲੋਕ ਵਿਵਹਾਰ ਨੂੰ ਮਰਯਾਦਿਤ ਕਰਨ ਦੇ ਸੰਕਲਪ ਸਨ । ਭਗਤ ਜੀ ਨੇ ਵੀ ਇਸ ਪ੍ਰਕਾਰ ਦੇ ਕਾਰਜ ਆਰੰਭ ਕੀਤੇ ਜਿਸ ਦੁਆਰਾ ਲੋਕ ਭਲਾਈ, ਲੋਕ-ਹਿੱਤ ਤੇ ਲੋਕ-ਵਿਵਹਾਰ ਦੇ ਪੱਖ ਨੂੰ ਪਰਿਪੱਕ ਬਣਾਇਆ ਜਾਵੇ । ਪਿੰਗਲਵਾੜਾ ਵੀ ਇਸ ਧਾਰਾ ਅਧੀਨ ਹੀ ਆਉਂਦਾ ਹੈ ।

“ਪਿੰਗਲਵਾੜਾ ਸੰਸਥਾ ਦੇ ਨਾਉਂ ਦੀ ਘਾੜਤ ਭਾਵੇਂ ਸੰਨ ੧੯੩੪ ਵਿੱਚ ਕੱਤਕ ਦੀ ਪੂਰਨਮਾਸ਼ੀ ਦੀ ਰਾਤ ਨੂੰ ਸ਼ੁਰੂ ਹੋ ਗਈ ਜਦੋਂ ਇਕ ੪ ਸਾਲ ਦਾ ਲੂਲ੍ਹਾ ਬੱਚਾ ਪੰਚਮ-ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਬੂਹੇ ਅੱਗੇ ਲਾਵਾਰਸੀ ਦੀ ਹਾਲਤ ਵਿੱਚ ਛੱਡ ਦਿੱਤਾ ਗਿਆ ਤੇ ਜਿਸ ਨੂੰ ਉਸ ਵੇਲੇ ਦੇ ਹੈੱਡ-ਗ੍ਰੰਥੀ ਜਥੇਦਾਰ ਅੱਛਰ ਸਿੰਘ ਨੇ ਅਰਦਾਸ ਕਰਕੇ ਭਗਤ ਪੂਰਨ ਸਿੰਘ ਜੀ ਦੀ ਝੋਲੀ ਪਾ ਦਿੱਤਾ।

ਪਰ ਇਸ ਬੀਜ ਰੂਪ ਦਾ ਵਿਕਾਸ ਸੰਨ ੧੯੪੭ ਤਕ ਅਤੇ ੧੮ ਅਗਸਤ ੧੯੪੭ ਤੋਂ ਬਾਅਦ ਅੰਮ੍ਰਿਤਸਰ ਰਹਿੰਦਿਆਂ ਜਿਸ ਤਰ੍ਹਾਂ ਸੜਕਾਂ ਦੇ ਕੰਢਿਆਂ ’ਤੇ ਜਿਨ੍ਹਾਂ ਔਖੇ ਤੇ ਬਿਖਮ ਪੈਂਡਿਆਂ ਵਿੱਚੋਂ ਲੰਘਦਿਆਂ



ਹੋਇਆਂ ਬੀਤਿਆ ਉਹਨਾਂ ਦਾ ਵੇਰਵਾ ਦਿਲ ਕੰਬਾਊ ਤੇ ਮਨੁੱਖੀ ਹਿਰਦਿਆਂ ਨੂੰ ਅਜਿਹਾ ਝੰਜੋੜਨ ਵਾਲਾ ਹੈ, ਜਿਸ ਦਾ ਸੰਖੇਪ ਰੂਪ ਵਿੱਚ ਵਰਣਨ ਨਹੀਂ ਕੀਤਾ ਜਾ ਸਕਦਾ। ਪਰ ਸੂਖਮ ਤੌਰ ’ਤੇ ਇਹ ਪ੍ਰਾਣੀ-ਮਾਤਰ ਦਾ ਸੇਵਾ ਦਾ ਕਾਰਜ ਭਗਤ ਪੂਰਨ ਸਿੰਘ ਵੱਲੋਂ ਨੰਗ-ਧੜੰਗੀ ਹਾਲਤ ਵਿੱਚ ਖ਼ਾਲਸਾ ਕਾਲਜ ਵਿੱਚ ਲੱਗੇ ਰਫ਼ਿਊਜੀ ਕੈਂਪ, ਚੀਫ਼ ਖ਼ਾਲਸਾ ਦੀਵਾਨ ਦੇ ਬਾਹਰ ਰੇਲਵੇ ਸਟੇਸ਼ਨ ਦੇ ਡਾਕਖ਼ਾਨੇ ਲਾਗੇ, ਗੁਰੂ ਤੇਗ਼ ਬਹਾਦਰ ਹਸਪਤਾਲ ਦੇ ਗੇਟ ਦੇ ਬਾਹਰ ਇਕ ਬੋਹੜ ਥੱਲੇ ਸਿਵਲ ਸਰਜਨ ਦੇ ਦਫ਼ਤਰ ਨਾਲ ਲੱਗਦੀ ਨਿਕਾਸੀ ਜਗ੍ਹਾ ਜਾਂ ਫਿਰ ਰਾਮ ਤਲਾਈ ਵਿਖੇ ਗਲੀਆਂ ਮੁਹੱਲਿਆਂ ਵਿੱਚੋਂ ਮਰੀਜ਼ਾਂ ਲਈ ਮੰਗ-ਮੰਗ ਕੇ ਪ੍ਰਫੁੱਲਿਤ ਕੀਤਾ ਗਿਆ । ਪਰ ਇਸ ਨੂੰ ਪ੍ਰੇਰਕ ਤੇ ਦਾਰਸ਼ਨਿਕ ਸ਼ਕਲ ਸੂਰਤ ਉਦੋਂ ਹੀ ਮਿਲੀ, ਜਦੋਂ ਇਸ ਨੂੰ ਮੌਜੂਦਾ ਬਿਲਡਿੰਗ ਵਿੱਚ ਸੰਨ ੧੯੫੬-੫੭ ਦੇ ਰਜਿ. ਨੰਬਰ ੧੩੦ ਐਕਟ ੧੯੬੦ ਦੇ ਤਹਿਤ ਰਜਿਸਟਰਾਰ ਕੰਪਨੀਜ਼ ਵੱਲੋਂ ੬ ਮਾਰਚ ੧੯੫੭ ਨੂੰ ਆਲ ਇੰਡੀਆ ਪਿੰਗਲਵਾੜਾ ਸੋਸਾਇਟੀ ਦੇ ਨਾਉਂ ਹੇਠ ਬਾਕਾਇਦਾ ਰਜਿਸਟਰ ਕਰਵਾ ਲਿਆ ਗਿਆ ।

ਪਿੰਗਲਵਾੜਾ ਨਾਂ ਭਾਵੇਂ ਇਕ ਪਿੰਗਲੇ ਤੇ ਮੁੱਢਲੇ ਬਾਲਕ ਪਿਆਰਾ ਸਿੰਘ ਤੋਂ ਪ੍ਰੇਰਿਤ ਹੋ ਕੇ ਘੜਿਆ ਗਿਆ, ਪਰ ਇੱਥੇ ਹਰ ਉਸ ਦੁਖਿਆਰੇ ਲਈ ਆਪਣਾ ਘਰ ਵਰਗਾ ਮਾਹੌਲ ਹੈ, ਜੋ ਕਿਸੇ ਬਿਮਾਰੀ ਕਾਰਨ ਸਮਾਜ ਵਿੱਚ ਆਪਣੇ ਆਪ ਨੂੰ ਲਾਵਾਰਸ, ਬੇਲੋੜਾ ਅਤੇ ਅਣਚਾਹਿਆ ਮਹਿਸੂਸਦਾ ਹੈ। ਇਨ੍ਹਾਂ ਵਿੱਚੋਂ ਅਪਾਹਿਜਾਂ, ਬਿਮਾਰਾਂ, ਕਮਜ਼ੋਰ ਬੁੱਢਿਆਂ, ਵਿਧਵਾ ਔਰਤਾਂ, ਗ਼ਰੀਬ ਵਿਦਿਆਰਥੀਆਂ ਅਤੇ ਵਿਸ਼ੇਸ਼ ਤੌਰ ’ਤੇ ਦੁੱਧ ਚੁੰਘਦੇ ਲਾਵਾਰਸ ਬੱਚਿਆਂ ਦੀ ਸੇਵਾ ਸੰਭਾਲ ਕਰਨਾ ਸ਼ਾਮਲ ਹੈ । ਇਹ ਸੇਵਾ-ਸੰਭਾਲ ਜ਼ਾਤ-ਪਾਤ, ਮਜ਼ਹਬ, ਉਚ-ਨੀਚ, ਰੰਗ, ਨਸਲ, ਦੇਸ਼ ਤੇ ਭੇਸ ਦੇ ਭੇਦ-ਭਾਵ ਤੋਂ ਉੱਪਰ ਉੱਠ ਕੇ ਕੀਤੀ ਜਾਂਦੀ ਹੈ । ਸੰਸਥਾ ਵਿੱਚ ਲਾਵਾਰਸ ਪਾਗਲ ਲੜਕੀਆਂ ਤੇ ਔਰਤਾਂ ਨੂੰ ਪਹਿਲ ਦੇ ਅਧਾਰ ’ਤੇ ਦਾਖ਼ਲ ਕੀਤਾ ਜਾਂਦਾ ਹੈ, ਕਿਉਂਕਿ ਇਨ੍ਹਾਂ ਬੇਸਹਾਰਾ ਫਿਰਦੀਆਂ ਇਸਤਰੀਆਂ ਤੇ ਲੜਕੀਆਂ ਦੀ ਇੱਜ਼ਤ ਨੂੰ ਬਾਹਰ ਭਾਰੀ ਖ਼ਤਰਾ ਹੁੰਦਾ ਹੈ।”

ਪਿੰਗਲਵਾੜਾ ਅੰਮ੍ਰਿਤਸਰ, ਪੰਨਾ ੭,੮,੯

“ਸੰਸਥਾ ਦੇ ਮਰੀਜ਼ਾਂ ਨੂੰ ਸੰਭਾਲਣ ਹਿੱਤ ਜਿੱਥੇ ਕ੍ਰਮਵਾਰ ਬੱਚਾ ਵਾਰਡ, ਮਹਾਂ ਸਿੰਘ ਵਾਰਡ, ਰਾਮ ਤਲਾਈ ਵਾਰਡ ਹਨ ਉੱਥੇ ਪੰਡੋਰੀ ਵੜੈਚ ਤੇ ਸ੍ਰੀ ਗੋਇੰਦਵਾਲ ਸਾਹਿਬ ਵਿੱਚ ਵੀ ਬਰਾਂਚਾਂ ਹਨ, ਜਿਨ੍ਹਾਂ ਵਿੱਚ ੫੯੨

ਦੇ ਕਰੀਬ ਪਾਗਲ ਔਰਤਾਂ, ਕੁੜੀਆਂ, ਮਿਰਗੀ ਵਾਲੀਆਂ, ਜ਼ਖ਼ਮਾਂ ਵਾਲੀਆਂ, ਅਧਰੰਗ, ਪਾਗਲ ਮਰਦ, ਪਾਗਲ ਬੱਚੇ, ਬਜ਼ੁਰਗ ਬਿਮਾਰ, ਪੋਲੀਓ, ਗੂੰਗੇ, ਲੂਲ੍ਹੇ, ਬਿਰਧ, ਠੀਕ ਔਰਤਾਂ, ਲਾਵਾਰਸ ਬੱਚੇ-ਬੱਚੀਆਂ ਤੇ ਸਕੂਲ ਕਾਲਜ ਪੜ੍ਹਨ ਵਾਲੇ ਬੱਚੇ ਬੱਚੀਆਂ ਦੀ ਪ੍ਰਵਰਿਸ਼ ਕੀਤੀ ਜਾਂਦੀ ਹੈ । ਭਗਤ ਪੂਰਨ ਸਿੰਘ ਜੀ ਇਨ੍ਹਾਂ ਸਾਰਿਆਂ ਨੂੰ ਇਕ ਪਰਿਵਾਰ ਸਮਝਦੇ ਸਨ ਜੋ ਹੁਣ ਵੀ ਉਸੇ ਤਰ੍ਹਾਂ ਬਰਕਰਾਰ ਹੈ । ਓਹੀ ਪੰਨਾ ੯

ਉਪਰੋਕਤ ਮਰੀਜ਼ਾਂ ਦੀ ਸੇਵਾ-ਸੰਭਾਲ ਲਈ ੬੨ ਸੇਵਾਦਾਰਨੀਆਂ ਅਤੇ ੧੨੦ ਸੇਵਾਦਾਰ ਹਨ ਜਿਹੜੇ ਵਾਰਡਾਂ ਦੇ ਅੰਦਰ ਤੇ ਲੋੜ ਪੈਣ ’ਤੇ ਹਸਪਤਾਲਾਂ ਵਿੱਚ ਹਰ ਵਕਤ ਸੇਵਾ ਲਈ ਤੱਤਪਰ ਰਹਿੰਦੇ ਹਨ ।

ਓਹੀ ਪੰਨਾ ੯

“ਗੱਲ ਕੀ ਪਿੰਗਲਵਾੜਾ ਇਕ ਐਸਾ ਦੁੱਖ-ਹਰਨ ਰੈਣ ਬਸੇਰਾ ਹੈ ਜਿੱਥੇ ਲਾਵਾਰਸ ਜੀਅ ਮਰਨ ਲੱਗਿਆਂ ਇਹ ਮਹਿਸੂਸ ਕਰਦਾ ਹੈ ਕਿ ਉਹ ਰੁਲ ਕੇ ਨਹੀਂ ਬਲਕਿ ਇੱਜ਼ਤ ਨਾਲ ਸਰੀਰਕ-ਚੋਲਾ ਛੱਡ ਰਿਹਾ ਹੈ।”

ਓਹੀ ਪੰਨਾ ੧੦

ਭਗਤ ਜੀ ਤਾਂ ਪੀੜਾ ਨੂੰ ਪ੍ਰਾਣ ਮੰਨਦੇ ਸਨ । ਪ੍ਰਾਣੀ-ਮਾਤਰ ਦੀ ਪੀੜਾ ਨੂੰ ਖ਼ਤਮ ਕਰਨਾ ਉਨ੍ਹਾਂ ਦੀ ਧਾਰਨਾ ਹੀ ਨਹੀਂ ਸਗੋਂ ਧਰਮ ਵੀ ਸੀ। ਆਪਣੀ ਇਸ ਧਾਰਨਾ ਦੀ ਸਥਾਪਨਾ ਵਾਸਤੇ ਗੁਰਬਾਣੀ ਦੇ ਸਰਵੋਤਮ ਕਥਨ ਉਨ੍ਹਾਂ ਦੀ ਅਗਵਾਈ ਕਰਦੇ ਸਨ । ਗੁਰਬਾਣੀ ਉਨ੍ਹਾਂ ਦੀ ਅਗਵਾਈ ਹੀ ਨਹੀਂ ਸੀ ਕਰਦੀ ਸਗੋਂ ਗੁਰਬਾਣੀ ਨੂੰ ਉਹ ਆਪਣਾ ਆਸਰਾ ਵੀ ਮੰਨਦੇ ਸਨ । ਭਗਤ ਜੀ ਬੁੱਧੀ ਅਤੇ ਤਰਕ ਦੇ ਸੰਸਾਰ ਦੀ ਥਾਵੇਂ ਸਮਰਪਣ ਨੂੰ ਪ੍ਰਮੁੱਖਤਾ ਪ੍ਰਦਾਨ ਕਰਦੇ ਰਹੇ । ‘ਪਿੰਗਲਵਾੜਾ’ ਸਮਰਪਣ ਵਿੱਚੋਂ ਹੀ ਪੈਦਾ ਹੋਇਆ ਭਗਤੀ-ਭਾਵ ਤੇ ਸੇਵਾ-ਭਾਵ ਦਾ ਕੇਂਦਰ ਹੈ । ਭਗਤ ਜੀ ਦੀ ਸਮਰਪਣ ਭਾਵਨਾ ਵਿੱਚ ਨਿਮਰਤਾ, ਸਹਿਯੋਗ, ਸਤਿਕਾਰ, ਦ੍ਰਿੜ੍ਹਤਾ, ਦਇਆ ਭਾਵ, ਭਾਵੁਕਤਾ, ਕੋਮਲਤਾ, ਕਰਮ ਅਤੇ ਤਿਆਗ ਤੋਂ ਬਿਨਾਂ ਸਿਦਕ ਅਤੇ ਸਦਭਾਵਨਾ ਦੇ ਨਾਲ-ਨਾਲ ਸੰਵੇਦਨਸ਼ੀਲਤਾ ਵੀ ਸੀ । ਵੇਖਿਆ ਜਾਵੇ ਤਾਂ ਆਮ ਤੌਰ ’ਤੇ ਦਲੀਲ ਨਿਰਾਸ਼ ਹੋ ਬੈਠਦੀ ਹੈ ਜਦ ਕਿ ਸਮਰਪਣ, ਸ਼ਰਧਾ, ਸੇਵਾ, ਸਦਭਾਵਨਾ, ਸੁਹਿਰਦਤਾ, ਸੰਵੇਦਨਾ, ਸਹਿਯੋਗ, ਸੰਘਰਸ਼, ਸਮਰੱਥਾ, ਸਿਲਸਿਲੇ ਅਤੇ ਸਾਧੂ ਭਾਵ ਵਿੱਚ ਨਿਰਾਸ਼ਾ ਹੁੰਦੀ ਹੀ ਨਹੀਂ । ਇਨ੍ਹਾਂ ਕਾਰਨਾਂ ਕਰਕੇ ਭਗਤ ਜੀ ਦੇ ਮਨ ਵਿੱਚ ਨਿਰਾਸ਼ਾ ਤਾਂ ਕਦੇ ਆਈ ਹੀ ਨਹੀਂ ; ਉਹ



ਆਪਣੇ ਗੁਣਾਂ ਨੂੰ ਗੁਰੂ ਦੀ ਮਿਹਰ ਅਤੇ ਛਤਰ-ਛਾਇਆ ਕਹਿਕੇ ਸ਼ਾਂਤ-ਚਿੱਤ ਨਾਲ ਪਿੰਗਲਵਾੜਾ ਦੀ ਸਥਾਪਨਾ ਵਿੱਚ ਕਾਰਜ-ਰਤ ਰਹੇ ।

ਇਸ ਪ੍ਰਕਾਰ ਦੀ ਭਾਵ-ਧਾਰਾ ਦਾ ਭਗਤ ਜੀ ਦੇ ਜੀਵਨ ਵਿੱਚ ਪ੍ਰਵੇਸ਼ ਉਨ੍ਹਾਂ ਦੀ ਮਾਤਾ ਜੀ ਦੁਆਰਾ ਦਿੱਤੇ ਸਵੱਛ ਸੰਸਕਾਰਾਂ ਸਦਕਾ ਪ੍ਰਫੁੱਲਿਤ ਹੁੰਦਾ ਰਿਹਾ ਤੇ ਇਸ ਪ੍ਰਕਾਰ ਦੀ ਕੋਮਲ ਮਾਨਸਿਕਤਾ ਨੂੰ ਗੁਰੂ-ਘਰ ਦੀ ਰਹਿਮਤ ਵਜੋਂ ਭਗਤ ਜੀ ਨੇ ਅੰਗੀਕਾਰ ਕੀਤਾ । ਅੰਗੀਕਾਰ ਕਰਨ ਦੀ ਇਸ ਕਿਰਤ ਨਾਲ ਭਗਤ ਜੀ ‘ਮੈਂ’ ਦੀ ਜਿਲ੍ਹਣ ਤੋਂ ਹਜ਼ਾਰਾਂ ਕੋਹ ਦੂਰ ਰਹਿੰਦੇ ਹੋਏ, ਇਕ ਦਰਵੇਸ਼ ਦੇ ਦਿਲ ਦੀ ਤਰ੍ਹਾਂ ਸੇਵਾਦਾਰ ਬਣ ਕੇ ਆਪਣੀ ਸਾਧਨਾ ਨੂੰ ਸੰਪੰਨ ਕਰਦੇ ਰਹੇ । ਇਸ ਪ੍ਰਕਾਰ ਦੀ ਯਾਤਰਾ ਨੂੰ ਪਾਰ ਕਰਦੇ-ਕਰਦੇ ਭਗਤ ਜੀ ਪਿਆਰ ਦੀ ਪਰਿਕਰਮਾ ਦਾ ਸਾਖਿਆਤ ਰੂਪ ਬਣ ਗਏ ਸਨ ।

ਭਗਤ ਜੀ ਤਾਂ ਪ੍ਰੇਮ ਦੀ ਉਹ ਤਾਰ ਸਨ ਜਿਨ੍ਹਾਂ ਨੂੰ ਦੁੱਖ ਦੀ ਨਿੱਕੀ ਜਿਹੀ ਮਾਰ, ਮਨੁੱਖੀ ਮੋਹ ਦੀ ਤਰੰਗ ਵੱਲ ਲੈ ਤੁਰਦੀ ਸੀ ਤੇ ਭਗਤ ਜੀ ਦਾ ਦਿਲ ਬਿਹਬਲ ਹੋ ਉੱਠਦਾ ਸੀ ।

ਉਹ ਤਾਂ ਪੀੜਾਂ ਦੀ ਪਿਆਸ ਦੇ ਪਾਂਧੀ ਸਨ । ਉਨ੍ਹਾਂ ਅੰਦਰ ਪੀੜਾ ਵਾਸਤੇ ਪਪੀਹੇ ਦੀ ਦਰਦ ਭਰੀ ਹੂਕ ਵਰਗਾ ਜਜ਼ਬਾ ਜਿਊਂਦਾ ਸੀ। ਦਰਿੱਦਰ ਨਾਰਾਇਣ ਦੀ ਸੇਵਾ ਤੇ ਉਪਾਸ਼ਨਾ ਲਈ ਉਨ੍ਹਾਂ ਦਾ ਮਨ ਹਰ ਸਮੇਂ ਤਤਪਰ ਰਹਿੰਦਾ ਸੀ । ਹੌਲੀ-ਹੌਲੀ ਭਗਤ ਅਤੇ ਸੇਵਾਦਾਰ ਪਿਆਸਾ ਨਹੀਂ ਰਹਿੰਦਾ ਸਗੋਂ ਪਾਣੀ ਹੀ ਬਣ ਬੈਠਦਾ ਹੈ ।

ਸੰਸਥਾ ਪਿੰਗਲਵਾੜਾ ਜਿੱਥੇ ਪੀੜਿਤ ਲੋਕਾਈ ਲਈ ਦਰਦਮੰਦ ਅਣਚਾਹੇ ਬੱਚਿਆਂ ਦੇ ਪਾਲਣ-ਪੋਸ਼ਣ ਲਈ ਮਾਂ ਬਣ ਸੇਵਾ ਕਰ ਰਹੀ ਹੈ ਉੱਥੇ ਇਸ ਦੇ ਜਨਮਦਾਤਾ ਭਗਤ ਪੂਰਨ ਸਿੰਘ ਨੂੰ ਭਵਿੱਖ ਤੇ ਮੌਜੂਦਾ ਸਮੇਂ ਵਿੱਚ ਵਾਪਰਨ ਵਾਲੇ ਅਨੇਕਾਂ ਤਬਾਹਕੁਨ ਖ਼ਤਰਿਆਂ ਸੰਬੰਧੀ ਲੋਕਾਂ ਨੂੰ ਜਾਣੂ ਕਰਾਉਣ ਹਿੱਤ ਭਾਰੀ ਚਿੰਤਾ ਰਹਿੰਦੀ ਸੀ ਜਿਸ ਵਿੱਚ ਵਿਸ਼ੇਸ਼ ਤੌਰ ’ਤੇ ਰੁੱਖਾਂ ਦੀ ਅੰਧਾ-ਧੁੰਦ ਕਟਾਈ ਨਾਲ ਹੜ੍ਹਾਂ, ਹਨੇਰੀਆਂ, ਧਰਤੀ ਦਾ ਰੇਤਲਾ ਬਣਨਾ, ਖੁਰਨਾ, ਅੰਨ ਸੰਕਟ, ਦਰਿਆਵਾਂ ਨਦੀਆਂ ਦਾ ਪਾਣੀ ਅਤੇ ਵਾਤਾਵਰਨ ਦਾ ਦੂਸ਼ਿਤ ਹੋਣਾ, ਵਧਦੀ ਅਬਾਦੀ, ਗ਼ਰੀਬੀ, ਅਨਪੜ੍ਹਤਾ, ਪੈਟਰੋਲ ਦੀ ਬੇਲੋੜੀ ਵਰਤੋਂ, ਓਜ਼ੋਨ ਪਰਤ ਦਾ ਪਤਲਾ ਪੈ ਜਾਣਾ, ਤੇਜ਼ਾਬੀ ਬਾਰਸ਼, ਵਧ ਰਹੇ ਤਾਪਮਾਨ ਨਾਲ ਬਰਫ਼ ਦੇ ਪਹਾੜ ਪਿਘਲਣ ਦਾ ਖ਼ਤਰਾ, ਸਮਾਜੀ ਤੇ ਧਾਰਮਿਕ ਆਚਰਣ ਨੂੰ ਸੁਧਾਰਨ ਬਾਰੇ ਅਨੇਕ ਪ੍ਰਕਾਰ ਦੀਆਂ ਚੁਣੌਤੀਆਂ ਦਾ

ਸਾਹਮਣਾ ਕਰਨਾ ਸ਼ਾਮਲ ਹੁੰਦਾ ਸੀ । ਉਹ ਇਸ ਪ੍ਰਥਾਇ ਪ੍ਰਚਾਰ ਕਰਨ ਹਿੱਤ ਲੱਖਾਂ ਹੀ ਇਸ਼ਤਿਹਾਰ, ਟਰੈਕਟਾਂ, ਕਿਤਾਬਚਿਆਂ ਤੇ ਬੋਰਡਾਂ ਉੱਪਰ ਲਿਖਾ ਕੇ ਦੁਨੀਆਂ ਨੂੰ ਜਾਗਰੂਕ ਕਰਨ ਲਈ ਆਪਣੇ ਹੱਥੀਂ ਸ੍ਰੀ ਦਰਬਾਰ ਸਾਹਿਬ ਦੇ ਬੂਹੇ ਅੱਗੇ ਬੈਠ ਕੇ ਸੰਗਤਾਂ ਵਿੱਚ ਪ੍ਰਚਾਰ ਕਰਦੇ ਰਹੇ ਤੇ ਆਪਣੇ ਸੇਵਾਦਾਰਾਂ ਪਾਸੋਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਮੇਲਿਆਂ, ਮੱਸਿਆ, ਸੰਗਰਾਂਦਾਂ ਤੇ ਦਫ਼ਤਰਾਂ ਆਦਿ ਵਿੱਚ ਕਰਵਾਉਂਦੇ ਰਹੇ । ਇਸ ਸਾਰੀ ਸਮੱਗਰੀ ਦੀ ਛਪਾਈ ਸੰਸਥਾ ਦੇ ਆਪਣੇ ਹੀ ਛਾਪੇਖ਼ਾਨੇ ਵਿੱਚ ਹੁੰਦੀ ਰਹੀ ਹੈ, ਹੁਣ ਵੀ ਉਸੇ ਤਰ੍ਹਾਂ ਬਰਕਾਰ ਹੈ । ਇਸ ਮਨੋਰਥ ਅਧੀਨ ਉਨ੍ਹਾਂ ਵੱਲੋਂ ਦਿੱਲੀ, ਪਟਿਆਲਾ, ਮੁਕਤਸਰ, ਫ਼ਤਹਿਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਜੈਸੇ ਇਤਿਹਾਸਿਕ ਤੇ ਪੂਜਨੀਕ ਸਥਾਨਾਂ ਦੇ ਮੁੱਖ ਦਰਵਾਜ਼ਿਆਂ ਅੱਗੇ ਪ੍ਰਚਾਰ ਸਟਾਲ ਸਥਾਪਿਤ ਕੀਤੇ ਹੋਏ ਹਨ ।

ਸੋ ਅੰਤ ਵਿੱਚ ਏਨਾ ਹੀ ਆਖਿਆ ਜਾ ਸਕਦਾ ਹੈ ਕਿ 'ਪਿੰਗਲਵਾੜਾ' ਇਕ ਸੰਸਥਾ ਹੀ ਨਹੀਂ ਸਗੋਂ ਸਮਰਪਣ ਵੀ ਹੈ । ਭਗਤ ਜੀ ਦੀ ਭਾਵਨਾ ਦਾ ਪ੍ਰਤੀਕ ਪਿੰਗਲਵਾੜਾ ਅਦੁੱਤੀ ਕਾਰਜ ਨੂੰ ਜਿਸ ਅੰਤਹ-ਕਰਨ ਨਾਲ ਨਿਭਾਅ ਰਿਹਾ ਹੈ ਉਸ ਦੇ ਵਿਲੱਖਣ ਅਰਥ ਬਣਦੇ ਹਨ । ਹੁਣ ਇਨ੍ਹਾਂ ਅਰਥਾਂ ਨੂੰ ਸਮਝਣ ਦੀ ਲੋੜ ਹੈ ।

## ਅੰਤਿਕਾ....

ਕਦੇ-ਕਦੇ ਅਸਾਡੇ ਸਮਾਜ ਵਿੱਚ ਅਜਿਹੀ ਸ਼ਖ਼ਸੀਅਤ ਉਤਪੰਨ ਹੋ ਜਾਂਦੀ ਹੈ ਜਿਹੜੀ ਇਤਿਹਾਸਿਕ ਸਤਰਾਂ ਬਣਨ ਦੀ ਥਾਵੇਂ ਆਪ ਹੀ ਇਤਿਹਾਸ ਦਾ ਰੂਪ ਧਾਰਨ ਕਰ ਲੈਂਦੀ ਹੈ । ਭਗਤ ਜੀ ਦੀ ਜੀਵਨੀ ਨਖਿੱਧ ਸੇਵਾ ਦਾ ਇਤਿਹਾਸ ਹੈ । ਭਗਤ ਜੀ ਦੇ ਦਿਲ ਅੰਦਰ ਅਜਿਹਾ ਉਦੇਸ਼ ਭਖਦਾ ਰਿਹਾ ਜਿਹੜਾ ਇਸ ਧਰਤੀ ਦੀ ਕਰੂਪਤਾ ਨੂੰ ਰੂਪ ਦੀ ਬਖ਼ਸ਼ਿਸ਼ ਦੇਣਾ ਚਾਹੁੰਦਾ ਸੀ। ਭਗਤ ਜੀ ਆਪਣੀ ਸਾਰੀ ਉਮਰ ਮਿਹਨਤ ਤਾਂ ਕਰਦੇ ਹੀ ਰਹੇ ਉਸਦੇ ਨਾਲ-ਨਾਲ ਉਹ ਆਪ ਜ਼ਹਿਰ ਦੇ ਘੁੱਟ ਭਰਦੇ ਦੂਜਿਆਂ ਵਾਸਤੇ ਅੰਮ੍ਰਿਤ ਦੇ ਜਲ ਵਰਗੀ ਵਸਤੂ ਦਾ ਪ੍ਰਬੰਧ ਕਰਨ ਹਿੱਤ ਪ੍ਰਯਤਨਸ਼ੀਲ ਰਹੇ। ਉਨ੍ਹਾਂ ਦੇ ਇਸ ਪ੍ਰਯਤਨ ਵਿੱਚੋਂ ਹੀ 'ਪਿੰਗਲਵਾੜਾ' ਵਰਗੇ ਅਦਾਰੇ ਦਾ ਜਨਮ ਹੋਇਆ।

ਜਿਊਂਦੀ ਜ਼ਿੰਦਗੀ ਨੂੰ ਮੌਤ ਦੇ ਮੂੰਹ ਵਿੱਚ ਸੁੱਟ ਦੇਣਾ ਕੋਈ ਔਖਾ



ਨਹੀਂ ਹੁੰਦਾ ਸਗੋਂ ਮੌਤ ਦੇ ਮੂੰਹ ਵਿੱਚੋਂ ਜ਼ਿੰਦਗੀ ਨੂੰ ਜ਼ਿੰਦਗੀ ਤਕ ਲੈ ਕੇ ਆਉਣਾ ਮਹਾਨ ਸਮਰੱਥਾ ਤੇ ਸੰਘਰਸ਼ ਦਾ ਸੂਚਕ ਹੁੰਦਾ ਹੈ । ਭਗਤ ਜੀ ਸਾਹਮਣੇ ਮੌਤ ਦੇ ਮੂੰਹ 'ਚੋਂ ਜ਼ਿੰਦਗੀ ਨੂੰ ਜ਼ਿੰਦਗੀ ਤਕ ਲੈ ਆਉਣ ਦਾ ਮਹਾਨ ਮਿਸ਼ਨ ਸੀ। ਆਪਣੇ ਇਸ ਮਹਾਨ ਮਿਸ਼ਨ ਦੀ ਪੂਰਤੀ ਲਈ ਭਗਤ ਜੀ ਦੇ ਪ੍ਰਯਤਨਾਂ ਦਾ ਇਕ ਲੰਮਾ ਸਿਲਸਿਲਾ, ਬਿਪਤਾ ਮਾਰੇ ਲੋਕਾਂ ਦੀਆਂ ਦਰਦ-ਕਹਾਣੀਆਂ ਨਾਲ ਭਰਿਆ ਪਿਆ ਹੈ । ਇਨ੍ਹਾਂ ਕਹਾਣੀਆਂ, ਦਰਦੀਲੀਆਂ ਕਹਾਣੀਆਂ ਨੂੰ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ ਬੜੇ ਸਾਦੇ ਸ਼ਬਦਾਂ ਦੁਆਰਾ ਬਿਆਨ ਕੀਤਾ ਹੈ ।

ਸਰੀਰ ਨਾਲ ਸੰਸਾਰਿਕ-ਯਾਤਰਾ ਸ਼ੁਰੂ ਹੁੰਦੀ ਹੈ । ਦੂਜੇ ਪਾਸੇ ਸੱਚੇ ਸੁੱਚੇ ਤੇ ਸੁਭਾਵਿਕ-ਕਾਰਜ ਕਰਨ ਲਈ ਸੰਸਕਾਰ ਲੋੜੀਂਦੇ ਹਨ । ਇਨ੍ਹਾਂ ਸੰਸਕਾਰਾਂ ਦੀ ਪ੍ਰਾਪਤੀ ਦੇ ਸੋਮਿਆਂ ਦੀ ਤਫ਼ਸੀਲ, ਭਗਤ ਜੀ ਨੇ ਬੜੇ ਹੀ ਠਰ੍ਹੰਮੇ ਨਾਲ ਆਪਣੀਆਂ ਰਚਨਾਵਾਂ ਵਿੱਚ ਦਿੱਤੀ ਹੈ । ਮੂਲ ਵਸਤੂ ਸੰਸਕਾਰ ਹੀ ਹੁੰਦੇ ਹਨ । ਸੰਸਕਾਰਾਂ ਦੀ ਸਵੱਛਤਾ ਵਾਸਤੇ, ਭਗਤ ਜੀ ਨੇ, ਗੁਰਬਾਣੀ, ਆਦਰਸ਼, ਵਿਚਾਰਧਾਰਾ ਅਤੇ ਪ੍ਰਾਕ੍ਰਿਤਕ ਅਸੂਲਾਂ ਦੇ ਨਾਲ ਤਿਆਗ ਭਾਵਨਾ ਨੂੰ ਪ੍ਰਮੁੱਖਤਾ ਦਿੱਤੀ ।

ਤਿਆਗ ਮੂਰਤੀ ਭਗਤ ਪੂਰਨ ਸਿੰਘ ਜੀ ਦੇ ਸੰਕਲਪ ਦੀ ਬਰਾਬਰੀ ਅਧਿਆਤਮਿਕ ਪੁਰਸ਼ ਹੀ ਕਰ ਸਕਦੇ ਹਨ । ਇਸ ਤਰ੍ਹਾਂ ਦੇ ਅਧਿਆਤਮਿਕ -ਚਿੰਤਨ ਤੇ ਆਤਮਿਕ-ਵਿਸ਼ਵਾਸ ਦੇ ਅਧੀਨ ਹੀ ਭਗਤ ਜੀ ਆਪਣੇ ਆਲੇ-ਦੁਆਲੇ ਦੀ ਸਮਾਜਿਕ ਬਦਸ਼ਕਲੀ ਨੂੰ ਸੁੰਦਰਤਾ ਵਿੱਚ ਤਬਦੀਲ ਕਰਨ ਦਾ ਉਪਰਾਲਾ ਕਰਦੇ ਰਹੇ । ਜਿਹੜੀ ਵੀ ਕੋਈ ਛੋਟੀ ਤੋਂ ਛੋਟੀ ਵਸਤੂ ਜੋ ਮਨੁੱਖ ਮਾਤਰ ਦੇ ਸੁਖੀ ਰਾਹ ਵਿੱਚ ਰੁਕਾਵਟ ਬਣ ਜਾਂਦੀ ਸੀ ਉਸ ਦੀ ਦੂਰੀ ਵਾਸਤੇ ਭਗਤ ਜੀ ਹਰ ਸਮੇਂ ਤਤਪਰ ਰਹਿੰਦੇ । ਇਸ ਤਤਪਰਤਾ ਵਿੱਚ ਉਨ੍ਹਾਂ ਨੇ ਆਪਣੇ ਅਰਾਮ ਨੂੰ ਤਿਲਾਂਜਲੀ ਦੇ ਛੱਡੀ ਸੀ । ਉਨ੍ਹਾਂ ਦੀ ਇਸ ਤਿਲਾਂਜਲੀ ਦੇਣ ਦੇ ਪ੍ਰਕਰਣ ਸਾਧਾਰਣ ਦਿਲ ਤੇ ਦਿਮਾਗ਼ ਨੂੰ ਹੈਰਾਨ ਕਰ ਦਿੰਦੇ ਹਨ ।

ਏਥੇ ਇਨ੍ਹਾਂ ਗੱਲਾਂ ਦੇ ਉਦਾਹਰਣ ਇਸ ਲਈ ਨਹੀਂ ਦਿੱਤੇ ਜਾਂਦੇ ਕਿਉਂਕਿ ਉਨ੍ਹਾਂ ਨੇ ਆਪਣੇ ਸਰੀਰ ਤੇ ਮਨ ਨਾਲ ਹੋਈਆਂ ਸਮਾਜਿਕ ਤੇ ਆਰਥਿਕ ਵਧੀਕੀਆਂ ਦਾ ਵਰਣਨ ਕੇਵਲ ਉਦਾਹਰਣ ਵਜੋਂ ਹੀ ਕੀਤਾ ਹੈ । ਮੁਸੀਬਤ ਨੂੰ ਉਹ ਆਪਣੇ ਵਿਰੋਧੀ ਧਿਰ ਨਹੀਂ ਸਨ ਮੰਨਦੇ ।

"ਮੈਂ" ਭਗਤ ਪੂਰਨ ਸਿੰਘ ਜੀ ਦੀ ਅੰਤਰੀਵ ਭਾਵਨਾ ਨੂੰ ਜ਼ਿੰਦਗੀ,

ਮਨੋਰਥ ਅਤੇ ਅਕੀਦਿਆਂ ਨੂੰ ਬਹੁਤ ਨੇੜਿਉਂ ਹੋ ਕੇ ਤੱਕਿਆ ਹੈ । ਉਹ ਆਪਣੇ ਆਪ ਨੂੰ ਸਮੁੱਚੀ ਕਾਇਨਾਤ ਦਾ ਵਾਰਸ, ਮਨੁੱਖਤਾ ਦਾ ਪੁਜਾਰੀ ਤੇ ਗੁਰੂ-ਘਰ ਦਾ ਝਾੜੂ ਬਰਦਾਰ ਸਮਝਦੇ ਸਨ । ਉਨ੍ਹਾਂ ਨੇ ਸਾਰੀ ਜ਼ਿੰਦਗੀ ਲੋਕ ਭਲਾਈ ਲਈ ਚਿੰਤਤ ਹੋ ਕੇ ਕੱਟੀ । ਉਹ ਚਾਹੁੰਦੇ ਸਨ ਕਿ ਪਿੰਗਲਵਾੜਾ ਨਾਉਂ ਰੈੱਡ-ਕਰਾਸ ਵਾਂਗੂੰ ਪ੍ਰੇਰਨਾ ਬਣ ਦੇਸ਼ਾਂ-ਪ੍ਰਦੇਸ਼ਾਂ ਵਿੱਚ ਫੈਲੇ ਤੇ ਸਿੱਖ ਸਭਿਆਚਾਰ ਦਾ ਨਾਉਂ ਰੋਸ਼ਨ ਕਰਦਾ ਰਹੇ । ਅਖ਼ੀਰ ਵਿੱਚ ਮੈਂ ਬਾਰ-ਬਾਰ ਸਿਜਦਾ ਕਰਦਾ ਹਾਂ ਉਸ ਮਹਾਂਪੁਰਸ਼ ਨੂੰ ਜਿਸ ਨੇ ਆਪਣੀ ਜ਼ਿੰਦਗੀ ਦੇ ਕਈ ਪਰਉਪਕਾਰੀ ਕੰਮਾਂ ਲਈ ਮਾਰਗ-ਦਰਸ਼ਨ ਤੇ ਮਨੁੱਖਤਾ ਦੀ ਸਹੀ ਤਰਜਮਨੀ ਕਰਦਿਆਂ ਮੈਨੂੰ ਹੀ ਨਹੀਂ ਕਈ ਹੋਰਨਾਂ ਨੂੰ ਵੀ ਜੀਵਨ ਜਾਚ ਦੇ ਸਹੀ ਅਰਥ ਦੱਸੇ ।'

-ਸੁਰਜੀਤ ਸਿੰਘ ਰਾਹੀ

ਇਸ ਲਈ ਭਗਤ ਜੀ ਦੀ ਭਾਵਨਾ ਵਿੱਚ ਕਿਤੇ ਵੀ ਵਿਰੋਧੀ ਸੁਰ ਨਹੀਂ। ਇੰਞ ਇਸ ਤੱਥ ਨੂੰ ਬੜੇ ਸਾਫ਼ ਰੂਪ ਵਿੱਚ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ ਕਿ ਭਗਤ ਜੀ ਵਿਰੋਧ ਨੂੰ ਆਪਣੀ ਇੱਛਾ ਦੇ ਅਨੁਕੂਲ ਬਣਾਉਣ ਦੀ ਸਮਰੱਥਾ ਰੱਖਦੇ ਸਨ । ਇਨ੍ਹਾਂ ਸਾਰੀਆਂ ਗੱਲਾਂ ਦਾ ਸਾਰੰਸ਼ ਇਹ ਬਣਦਾ ਹੈ ਕਿ ਭਗਤ ਜੀ ਸਾਹਮਣੇ ਤਾਂ ਮਨੁੱਖ-ਮਾਤਰ ਦੀ ਭਲਾਈ ਦਾ ਹੀ ਟੀਚਾ ਸੀ । ਇਸ ਤਰ੍ਹਾਂ ਦੀ ਭਲਾਈ ਕਰਨ ਖ਼ਾਤਰ ਉਨ੍ਹਾਂ ਨੇ ਅਣਭੋਲ ਜਿਹੇ ਢੰਗ ਅਪਣਾਏ ।

ਦੇਸੀ ਦਵਾਈ ਵਾਂਗ ਭਗਤ ਜੀ ਦੀਆਂ ਕਥਾ-ਕਹਾਣੀਆਂ ਲਾਭਦਾਇਕ ਹਨ । ਉਨ੍ਹਾਂ ਦਾ ਕੋਈ ਵੀ ਉਲਟ ਅਸਰ ਨਹੀਂ ਹੁੰਦਾ । ਉਨ੍ਹਾਂ ਦੇ ਹਰ ਇਕ ਕਰਮ ਵਿੱਚੋਂ ਸ਼ੁੱਭ ਦਾ ਸੰਕਲਪ ਉਜਾਗਰ ਹੁੰਦਾ ਹੈ । ਭਗਤ ਜੀ ਜਿਸ ਭਾਵ-ਜਗਤ ਦੇ ਵਿਅਕਤੀ ਸਨ, ਉਹ ਸੇਵਾ ਦੇ ਸੰਸਾਰ ਦੀ ਵਿਲੱਖਣ ਪਿਰਤ ਸੀ । ਇਸ ਪਿਰਤ ਦਾ ਪਰਤੱਖ ਪ੍ਰਮਾਣ 'ਪਿੰਗਲਵਾੜਾ' ਹੈ ।

ਭਗਤ ਜੀ ਦੇ ਹਰ ਪ੍ਰਕਾਰ ਦੇ ਕਾਰਜ ਵਿੱਚ ਦੇਸੀ ਪ੍ਰੰਪਰਾ ਦੀ ਰੁਚੀ ਨੂੰ ਪੱਕੇ ਕੀਤੇ ਜਾਣ ਦਾ ਉਪਰਾਲਾ ਸੀ । ਭਗਤ ਜੀ ਨੇ ਆਪਣੇ ਆਪ ਨੂੰ ਸਵਦੇਸ਼ ਦੀ ਵਲਗਣ ਵਿੱਚ ਹੀ ਬੰਦ ਨਹੀਂ ਰੱਖਿਆ ਸਗੋਂ ਉਹ ਤਾਂ ਅੰਤਰ-ਰਾਸ਼ਟਰੀ ਸਮੱਸਿਆਵਾਂ ਲਈ ਵੀ ਫ਼ਿਕਰਮੰਦ ਰਹੇ । ਵਾਤਾਵਰਣ ਨੂੰ ਅਸ਼ੁੱਧ ਕਰਨ ਦਾ ਕੁਕਰਮ ਸਮੁੱਚੀ ਮਨੁੱਖ ਜਾਤੀ ਲਈ ਘਾਤਕ ਹੈ । ਇਸ ਚਿੰਤਾ ਵਿੱਚ ਚਿੰਤਤ ਭਗਤ ਜੀ ਦੇ ਉਪਦੇਸ਼ ਉਚੇਚੀ ਵਿਸ਼ੇਸ਼ਤਾ ਰੱਖਦੇ ਹਨ ।



ਭਗਤ ਜੀ ਦਇਆਵਾਨ ਦ੍ਰਿਸ਼ਟੀ ਦਾ ਇਕ ਅਜਿਹਾ ਮੁਜੱਸਮਾ ਸਨ ਜਿਨ੍ਹਾਂ ਕੋਲ ਦਇਆ ਅਤੇ ਦਰਦ ਹੀ ਦਰਦ ਸੀ । ਉਨ੍ਹਾਂ ਨੇ ਆਪਣੇ ਆਲੇ-ਦੁਆਲੇ ਦੇ ਦਰਦ ਨੂੰ ਘਟਾਉਣ ਲਈ ਆਪਣੀ ਆਯੂ ਦੇ ਅਖ਼ੀਰ ਤਕ ਪ੍ਰਯਤਨ ਕੀਤਾ ।

**ਬਹੁਤੇਰੇ ਹੈਂ ਘਾਟ ਭੇਦ ਭਗਤ ਮੇਂ ਨਾਨਾ ।**
**ਜੋ ਜੇਹਿ ਸੰਗਤ ਪਹਾ ਤਾਹਿਕੇ ਹਾਥ ਬਿਕਾਨਾ ।**

**ਸੰਤ ਪਲਟੂ**

ਭਗਤ ਜੀ ਨਿਮਾਣਿਆਂ, ਨਿਤਾਣਿਆਂ, ਤੇ ਨਿਆਸਰਿਆਂ ਨੂੰ ਆਪਣੀ ਸੰਗਤ ਸਮਝਦੇ ਰਹੇ । ਉਨ੍ਹਾਂ ਲਈ ਇਹ ਸੰਗਤ ਸਥਾਈ ਰੂਪ ਧਾਰਨ ਕਰ ਗਈ ਅਤੇ ਭਗਤ ਜੀ ਇਕ ਤਰ੍ਹਾਂ ਨਾਲ ਇਸ ਹੀਣ ਵਰਗ ਦੇ ਵਾਸਤੇ ਮਜਬੂਤ ਹੱਥ ਬਣ ਕੇ ਸੇਵਾ ਦੀ ਘਾਲਣਾ ਘਾਲਦੇ ਰਹੇ । ਆਖ਼ਿਰਕਾਰ "ਪਿੰਗਲਵਾੜਾ" ਇਕ ਅਜਿਹਾ ਆਸ਼ਰਮ ਬਣ ਗਿਆ ਜਿਸ ਨੂੰ ਨਿਤਾਣੇ, ਨਿਮਾਣੇ ਤੇ ਨਿਆਸਰੇ ਆਪਣਾ ਘਰ ਸਮਝਦੇ ਹਨ । ਪਿੰਗਲਵਾੜਾ ਦੁਖੀਆਂ ਤੇ ਨਿਆਸਰਿਆਂ ਦਾ ਆਸਰਾ ਹੈ । ਪਿੰਗਲਵਾੜਾ ਦੀ ਤਾਸੀਰ ਤੇ ਤਮੰਨਾ ਸੇਵਾ-ਭਾਵ ਦੀ ਹੈ ।

ਅਹਿਲਕਾਰੀ ਪ੍ਰਬੰਧ ਵਾਲੇ ਅਦਾਰਿਆਂ ਵਿੱਚ ਹਕੂਮਤ ਅਤੇ ਹੰਕਾਰ ਦੇ ਭਾਵ ਪ੍ਰਧਾਨ ਹੁੰਦੇ ਹਨ। ਏਥੇ ਇਕ ਵਾਕ ਲਿਖ ਦੇਣਾ ਅਯੋਗ ਨਹੀਂ ਹੋਵੇਗਾ ਕਿ ਡਾ.ਬੀਬੀ ਇੰਦਰਜੀਤ ਕੌਰ ਜੀ ਜਿਨ੍ਹਾਂ ਨੂੰ ਪਿੰਗਲਵਾੜਾ ਅੰਮ੍ਰਿਤਸਰ ਦੇ ਸੰਸਥਾਪਕ ਭਗਤ ਪੂਰਨ ਸਿੰਘ ਜੀ ਦੁਆਰਾ ਹੁਣ ਪਿੰਗਲਵਾੜੇ ਲਈ ਸਰਪ੍ਰਸਤ ਵਜੋਂ ਨਿਯੁਕਤ ਕੀਤਾ ਗਿਆ ਹੈ , ਗੁਰਸਿੱਖੀ-ਭਾਵ ਦੀ ਨਿਮਰਤਾ ਦਾ ਰੂਪ ਹਨ । ਇਸਤਰੀ ਦੀ ਹੋਂਦ ਮਾਂ ਦੀ ਧੜਕਣ ਦੀ ਅਲੌਕਿਕ ਸਤਰ ਹੁੰਦੀ ਹੈ । ਇਸ ਪਿਰਤ ਅਧੀਨ ਭਗਤ ਜੀ ਦਾ ਆਪਣਾ ਸੁਭਾਅ ਵੀ ਮਮਤਾਮਈ ਹੀ ਨਹੀਂ ਸਗੋਂ ਤਿਆਗਮਈ ਵੀ ਸੀ ।

ਸੇਵਾ, ਮਮਤਾ ਤੇ ਤਿਆਗ ਦੇ ਹੋਣਹਾਰ ਹੁਨਰ 'ਪਿੰਗਲਵਾੜਾ' ਅੰਮ੍ਰਿਤਸਰ ਦੀਆਂ ਜੜ੍ਹਾਂ ਲਾਉਣ ਵਿੱਚ ਹਜ਼ਾਰਾਂ ਦੀ ਭਾਵੁਕ, ਤਿਆਗੀ ਤੇ ਵਿਵੇਕਸ਼ੀਲ ਸੱਜਣਾਂ ਦਾ ਧਨ ਲੱਗਾ ਹੋਇਆ ਹੈ । ਏਥੇ ਆ ਕੇ ਹੀ ਅਸੀਂ ਗਿਆਨ ਅਤੇ ਭਗਤੀ ਭਾਵਨਾ ਵਿਚਲੇ ਭੇਦ ਨੂੰ ਸਮਝ ਕੇ ਭਗਤ ਜੀ ਦੀ ਜੀਵਨ-ਯਾਤਰਾ ਦੇ ਵਿਧਾਨ ਨੂੰ ਜਾਣ ਸਕਾਂਗੇ ।

ਭਗਤ ਜੀ ਦਾ ਵਿਸ਼ਵਾਸ, ਵਿਸ਼ਵ-ਪੱਧਰ ਦਾ ਵਿਸ਼ਵਾਸ ਸੀ ।

ਭਗਤ ਜੀ ਦੀ ਵਿਸ਼ਵ-ਪੱਧਰ 'ਤੇ ਪਹਿਚਾਣ ਇਸ ਕਰਕੇ ਨਹੀਂ ਹੋ ਸਕੀ ਕਿਉਂਕਿ ਉਹ ਪਰਪੰਚ ਤੇ ਵਿਖਾਵੇਬਾਜ਼ੀ ਤੋਂ ਕੋਹਾਂ ਦੂਰ ਸਨ ।

ਚੰਗੀਆਂ ਪਿਰਤਾਂ ਦਾ ਆਪਣਾ ਇਕ ਭਾਵਨਾਤਮਿਕ ਵਿਧਾਨ ਹੁੰਦਾ ਹੈ। ਭਾਵਨਾਤਮਿਕ ਵਿਧਾਨ ਦੀ ਇਹ ਖ਼ੂਬੀ ਹੁੰਦੀ ਹੈ ਕਿ ਇਸ ਵਿੱਚ ਸਵੈ-ਸਾਧਨਾ ਪ੍ਰਮੁੱਖ ਰਹਿੰਦੀ ਹੈ । ਕੁਰਲਾਉਂਦੀ ਮਾਨਵਤਾ ਦੇ ਦਰਦ ਨੂੰ ਸ਼ਾਂਤ ਤੇ ਸਵਾਸਥ ਬਣਾਉਣ ਲਈ ਪਿੰਗਲਵਾੜਾ ਦੀ ਸਵੈ-ਸਾਧਨਾ ਦਾ ਬਹੁਤ ਵੱਡਾ ਯੋਗਦਾਨ ਹੈ। ਸਵੈ-ਸਾਧਨਾ ਦੀ ਇਸ ਪੂਰਤੀ ਵਾਸਤੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ :) ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਬੀਬੀ ਡਾ. ਇੰਦਰਜੀਤ ਕੌਰ ਹੋਰਾਂ ਦੀ ਬੇਨਤੀ ਇਸ ਪ੍ਰਕਾਰ ਹੈ :-

"ਪਿੰਗਲਵਾੜਾ ਸੰਸਥਾ, ਅੰਮ੍ਰਿਤਸਰ ਵਿਖੇ ਸੰਨ ੧੯੪੭ ਤੋਂ ਲੈ ਕੇ ਹੁਣ ਤਕ ਬਿਮਾਰਾਂ, ਅਪਾਹਿਜਾਂ, ਲਾਵਾਰਸਾਂ, ਪਾਗਲ ਬੱਚਿਆਂ, ਮਰਦਾਂ, ਇਸਤਰੀਆਂ ਅਤੇ ਅੰਗਹੀਣਾਂ ਦੀ ਸੇਵਾ-ਸੰਭਾਲ ਦਾਨੀ ਸੱਜਣਾਂ ਦੇ ਸਹਿਯੋਗ ਤੇ ਗੁਰੂ ਘਰ ਦੀ ਬਖ਼ਸ਼ਿਸ਼ ਦੁਆਰਾ ਨਿਰੰਤਰ ਕਰਦੀ ਆ ਰਹੀ ਹੈ । ਸੰਸਥਾ ਦੀਆਂ ਅੰਮ੍ਰਿਤਸਰ ਤੋਂ ਇਲਾਵਾ ਦੋ ਹੋਰ ਸ਼ਾਖ਼ਾਵਾਂ ਸ੍ਰੀ ਗੋਇੰਦਵਾਲ ਸਾਹਿਬ ਤੇ ਪੰਡੋਰੀ ਵੜੈਚ (ਮਜੀਠਾ ਰੋਡ) ਵਿਖੇ ਹਨ, ਜਿਨ੍ਹਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ ਲਗਪਗ ੬੫੦ ਦੇ ਕਰੀਬ ਹੈ । ਸੰਸਥਾ ਦਾ ਰੋਜ਼ਾਨਾ ਖ਼ਰਚ *੯੦,੦੦੦ ਦੇ ਲਗਪਗ ਹੈ । ਮਾਨਵਤਾ ਦੇ ਪੁਜਾਰੀ ਸਤਿਕਾਰਯੋਗ ਭਗਤ ਪੂਰਨ ਸਿੰਘ ਜੀ ਨੇ ਇਸ ਸੇਵਾ ਦੇ ਕੁੰਭ ਨੂੰ ਬੜੇ ਬਿਖ਼ਮ ਪੈਂਡਿਆਂ ਵਿੱਚੋਂ ਲੰਘਦਿਆਂ ਹੋਇਆਂ ਆਪਣੀ ੮੮ ਸਾਲਾਂ ਦੀ ਉਮਰ ਤਕ ਬਿਨਾਂ ਕਿਸੇ ਜ਼ਾਤ-ਪਾਤ ਮਜ਼ਹਬ, ਰੰਗ ਤੇ ਨਸਲ ਤੋਂ ਉੱਪਰ ਉੱਠ ਕੇ ਸਾਂਝੀਵਾਲਤਾ ਦੇ ਅਕੀਦੇ ਨੂੰ ਮੁੱਖ ਰੱਖਦਿਆਂ ਹੋਇਆਂ ਨਿਭਾਇਆ । ਭਗਤ ਜੀ ਨੇ ਪੀੜਿਤ ਲੋਕਾਈ ਦੇ ਦਰਦ ਨੂੰ ਘਟਾਉਣ ਹਿੱਤ ਜਿੱਥੇ ਆਪਣੀ ਸਾਰੀ ਜ਼ਿੰਦਗੀ ਪ੍ਰਾਣੀ-ਮਾਤਰ ਦੀ ਸੇਵਾ ਲਈ ਅਰਪਣ ਕਰ ਦਿੱਤੀ ਉੱਥੇ ਉਨ੍ਹਾਂ ਨੇ ਪ੍ਰਦੂਸ਼ਣ ਤੇ ਅਬਾਦੀ ਨੂੰ ਘਟਾਉਣ, ਰੁੱਖਾਂ ਨੂੰ ਵੱਧ ਤੋਂ ਵੱਧ ਲਾਉਣ, ਧਰਮ ਪ੍ਰਚਾਰ ਤੇ ਅਨੇਕਾਂ ਵਾਪਰਨ ਵਾਲੇ ਖ਼ਤਰਿਆਂ ਤੋਂ ਲੋਕਾਂ ਨੂੰ ਜਾਣੂ ਕਰਾਉਣ ਸੰਬੰਧੀ ਇਸ਼ਤਿਹਾਰਾਂ, ਕਿਤਾਬਚਿਆਂ ਤੇ ਕਿਤਾਬਾਂ ਦੀ ਮੁਫ਼ਤ ਵੰਡਾਈ ਰਾਹੀਂ ਪ੍ਰਚਾਰ ਕੀਤਾ। ਇਹ ਪ੍ਰਚਾਰ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਅਨੁਸਾਰ ਬਰਕਾਰ

*ਸੰਨ 2018 'ਚ ਪਿੰਗਲਵਾੜਾ ਸੰਸਥਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਤੋਂ ਉੱਪਰ ਹੋ ਰਿਹਾ ਹੈ।



ਰੱਖਿਆ ਜਾਵੇਗਾ। ਅਸੀਂ ਗੁਰੂ ਘਰ ਦੇ ਪ੍ਰੇਮੀਆਂ ਅੱਗੇ ਹੱਥ ਜੋੜ ਬਿਨੈ ਕਰਦੇ ਹਾਂ ਕਿ ਉਹ ਪਿੰਗਲਵਾੜਾ ਸੰਸਥਾ ਵਿੱਚ ਸੇਵਾ-ਸੰਭਾਲ ਤੇ ਇਲਾਜ ਹਿੱਤ ਰਹਿ ਰਹੇ ਲਾਵਾਰਸ ਮਰੀਜ਼ਾਂ ਦੀ ਸਹਾਇਤਾ ਲਈ ਵੱਧ ਤੋਂ ਵੱਧ ਦੇਸ਼-ਪ੍ਰਦੇਸ਼ ਵਿੱਚੋਂ ਮਾਇਆ ਦੇ ਗੱਫੇ ਪਿੰਗਲਵਾੜਾ ਦੇ ਨਾਉਂ ਭੇਜਣ ਤੇ ਭਿਜਵਾਉਣ।"

ਭਗਤ ਜੀ ਪਿਰਤ ਪਾ ਗਏ । ਇਸ ਪਿਰਤ ਨੂੰ ਪਰੰਪਰਾ ਬਣਾਉਣ ਲਈ ਉਨ੍ਹਾਂ ਦੀ ਸੱਤਰ ਵਰ੍ਹਿਆਂ ਦੀ ਘਾਲਣਾ ਅੱਜ ਵੀ ਅਗਵਾਈ ਦਾ ਕੰਮ ਕਰਦੀ ਹੈ । ਭਾਵਨਾਤਮਿਕ ਅਗਵਾਈ, ਸੂਖਮ ਹੁਨਰ ਵਰਗੀ ਵਸਤੂ ਹੁੰਦੀ ਹੈ । ਸੂਖਮ ਹੁਨਰ ਦਾ ਪ੍ਰਭਾਵ ਜਦ ਸਥਾਈ ਰੂਪ ਧਾਰਨ ਕਰ ਲੈਂਦਾ ਹੈ ਤਦ ਅਸੀਂ ਉਸ ਨੂੰ ਵਿਰਸਾ ਆਖ ਸਕਦੇ ਹਾਂ । ਵੇਖਿਆ ਜਾਵੇ ਤਾਂ ਪੰਜਾਬ ਦਾ ਵਿਰਸਾ ਸੇਵਾ-ਭਾਵ ਦਾ ਵਿਰਸਾ ਰਿਹਾ ਹੈ । ਪੰਜਾਬ ਦੀ ਸਮੁੱਚੀ ਵਿਰਾਸਤ ਵਿੱਚ ਅਪਣੱਤ ਹੈ । ਇਸ ਅਪਣੱਤ ਵਿੱਚ ਦੂਜੇ ਨੂੰ ਆਸਰਾ ਦੇਣ ਦੀ ਫ਼ਿਤਰਤ ਹਾਜ਼ਰ-ਨਾਜ਼ਰ ਰਹੀ ਹੈ । ਸੋ 'ਪਿੰਗਲਵਾੜਾ' ਸੰਸਥਾ ਦੀ ਮਜ਼ਬੂਤ ਹੋਂਦ ਵਿੱਚ ਵੀ ਇਕ ਕਾਮਨਾ ਹੀ ਕੰਮ ਕਰਦੀ ਹੈ ।

ਭਗਤ-ਜਨ ਮਾਇਕ ਯੋਗਦਾਨ ਕਰਨ ਸਮੇਂ ਸੂਖਮ ਹੁਨਰ ਦੇ ਧਾਰਨੀ ਹੁੰਦੇ ਹਨ । ਉਨ੍ਹਾਂ ਅੰਦਰ ਵੱਸਦਾ ਦਇਆ-ਭਾਵ, ਭਰਾਤਰੀ ਭਾਵ ਲਈ ਕੁਝ ਕਰਨ ਦੀ ਇੱਛਾ ਰੱਖਦਾ ਹੈ । ਪਿੰਗਲਵਾੜਾ ਇੱਛਾ ਸ਼ਕਤੀ ਦਾ ਸੂਚਕ ਹੈ। ਨਿੱਜ ਲਈ ਜਿਊਣਾ ਕਿਸੇ ਵਡਮੁੱਲੀ ਧਾਰਨਾ ਦਾ ਧਾਰਨੀ ਨਹੀਂ ਹੁੰਦਾ । ਆਪਣੇ ਆਪ ਲਈ ਕੀਤਾ ਹੋਇਆ ਕਰਮ ਛੋਟੀ ਉਮਰ ਭੋਗ ਕੇ ਪਿਛਾਂਹ ਕੁਝ ਛੱਡਦਾ ਹੀ ਨਹੀਂ ਜਦਕਿ ਪਰ-ਹਿੱਤ ਲਈ ਕੀਤਾ ਪੁਰਸ਼ਾਰਥ, ਪਰਮਾਰਥ ਤੇ ਪੁੰਨ ਬਣਕੇ ਉਜਾਗਰ ਹੁੰਦਾ ਰਹਿੰਦਾ ਹੈ । ਏਥੇ ਆ ਕੇ ਫੇਰ ਇਹ ਆਖਿਆ ਜਾ ਸਕਦਾ ਹੈ ਕਿ ਭਗਤ ਪੂਰਨ ਸਿੰਘ ਜੀ ਤਾਂ ਪਰਮ ਪੁਰਸ਼ਾਰਥ ਤੇ ਪਰਮ-ਪਰਮਾਰਥ ਦਾ ਸੁੰਦਰ ਰੂਪ ਸਨ । ਨਿਜਵਾਦੀ ਸੋਚ ਦੁਆਰਾ ਦਿਨ-ਪ੍ਰਤੀ-ਦਿਨ ਸਮਾਜ ਵਿੱਚ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ । ਭਗਤੀ-ਭਾਵਨਾ ਤੇ ਸੇਵਾ-ਸਾਧਨ ਉਤਪੰਨ ਹੀ ਉਸ ਸਮੇਂ ਹੁੰਦੇ ਹਨ ਜਦੋਂ ਨਿਜਦਾ ਹੰਕਾਰ ਖ਼ਤਮ ਹੋ ਜਾਂਦਾ ਹੈ । ਨਿਜਵਾਦੀ ਬਣਕੇ ਜਿਊਣ ਦੀ ਕ੍ਰਿਆ ਵਿੱਚੋਂ ਮਾਨਸਿਕ ਪ੍ਰਦੂਸ਼ਣ ਪੈਦਾ ਹੁੰਦਾ ਹੈ । ਭਗਤ ਜੀ ਦਾ ਨਿੱਜ ਤਾਂ ਇਕ ਦਰਵੇਸ਼ ਦੇ ਜੀਵਨ ਦੀ ਫ਼ਕੀਰੀ ਸੀ ਜਿਸ ਵਿੱਚੋਂ ਪਿੰਗਲਵਾੜਾ ਵਰਗੀ ਸੰਸਥਾ ਦਾ ਜਨਮ ਹੋਇਆ।

ਏਥੇ ਆ ਕੇ ਨਿੱਜ ਅਤੇ ਦਰਵੇਸ਼ ਜ਼ਿੰਦਗੀ ਦੇ ਅੰਤਰ ਨੂੰ ਸਮਝ ਲੈਣਾ ਹੀ ਵਾਜਬ ਹੋਵੇਗਾ । ਸੰਸਾਰਿਕ-ਬਿਰਤੀ ਨਿਜਵਾਦੀ ਬਣ ਰਹੀ ਹੈ ਤੇ ਇਸ ਕਾਰਨ ਕਰਕੇ ਸੈਂਕੜੇ ਮੁਸੀਬਤਾਂ ਦਿਨ-ਪ੍ਰਤੀ-ਦਿਨ ਵਧ ਰਹੀਆਂ ਹਨ, ਅਪਣੱਤ ਘਟ ਰਹੀ ਹੈ ਤੇ ਸੁਆਰਥੀ ਸੰਸਾਰ ਦੀਆਂ ਕੁਰੀਤੀਆਂ ਕਾਰਨ ਮੌਜ ਮਸਤੀ ਦਾ ਮਾਹੌਲ ਨਰਕ ਬਣ ਰਿਹਾ ਹੈ । ਹੁਣ ਇੰਵ ਆਖਿਆ ਜਾ ਸਕਦਾ ਹੈ ਕਿ ਨਿੱਜ ਸੁਆਰਥੀ ਹੁੰਦਾ ਹੈ ਤੇ ਦਰਵੇਸ਼ ਪਰਮਾਰਥ ਦੇ ਰਾਹ ਦਾ ਰਾਹੀ ਬਣਕੇ ਆਪਣੇ ਆਲੇ-ਦੁਆਲੇ ਲਈ ਸੁਖ-ਸ਼ਾਂਤੀ ਅਤੇ ਅਮਨ ਦੀ ਇੱਛਾ ਕਰਦਾ ਰਹਿੰਦਾ ਹੈ । ਫ਼ਕੀਰ ਦੇ ਮਨ ਵਿੱਚ ਇਸ ਸੰਸਾਰ ਨੂੰ ਵੇਖਣ ਦੀ ਵਿਧੀ ਤਿਆਗ-ਭਾਵਨਾ ਵਾਲੀ ਹੁੰਦੀ ਹੈ । ਤਿਆਗ ਤੇ ਤਪੱਸਿਆ ਦੀ ਸਥਿਰਤਾ ਵਿੱਚੋਂ ਦਰਵੇਸ਼ ਭਾਵਨਾ ਤੇ ਫ਼ਕੀਰ-ਉਮਰ ਉਤਪੰਨ ਹੁੰਦੀ ਹੈ । ਭਗਤ ਪੂਰਨ ਸਿੰਘ ਜੀ ਦਰਵੇਸ਼ ਹੀ ਨਹੀਂ ਸਗੋਂ ਫ਼ਕੀਰ ਵੀ ਸਨ ।

ਫ਼ਕੀਰੀ ਭੌਤਿਕਤਾ ਪ੍ਰਯੋਗ ਦਾ ਸੁਭਾਵਿਕ ਸਾਧਨ ਸਮਝਦੀ ਹੈ ਜਦ ਕਿ ਨਿਜਵਾਦੀ ਵਿਚਾਰ ਵਾਲੇ ਮਨੁੱਖ ਭੌਤਿਕਤਾ ਦੇ ਪੁਜਾਰੀ ਬਣੇ ਰਹਿੰਦੇ ਹਨ । ਨਿਰਸੰਦੇਹ ਭੌਤਿਕਤਾ ਨੂੰ ਅਣਡਿੱਠ ਨਹੀਂ ਕਰਨਾ ਚਾਹੀਦਾ; ਪਰ ਭੌਤਿਕਤਾ ਜੇਕਰ ਭੂਤ ਵਾਂਗ ਮਨੁੱਖ ਦੇ ਸਿਰ 'ਤੇ ਸਵਾਰ ਹੋ ਜਾਵੇ ਤਾਂ ਮਨੁੱਖ ਅੰਦਰ ਵੱਸਦੀ ਦਰਵੇਸ਼ ਅਤੇ ਫ਼ਕੀਰੀ ਦੀ ਭਾਵਨਾ ਸਮਾਪਤ ਹੋ ਜਾਂਦੀ ਹੈ ।

ਅਸਾਡੇ ਇਸ ਸੰਦਰਭ ਦੀ ਪੂਰਤੀ ਵਾਸਤੇ ਏਥੇ ਮੁੜ ਕੇ ਇਹ ਲਿਖਣਾ ਅਯੋਗ ਨਹੀਂ ਹੋਵੇਗਾ ਕਿ ਭਗਤ ਜੀ ਦੁਆਰਾ ਰਚਿੱਤ ਸਾਹਿਤ ਮਨੁੱਖ ਅੰਦਰ ਵੱਸਦੇ ਮਨੁੱਖ ਨੂੰ ਸਿੱਖਿਆ ਦੇਣ ਦੀ ਵਿਧੀ ਵਾਂਙ ਪ੍ਰਫੁੱਲਿਤ ਹੁੰਦਾ ਰਿਹਾ ਤੇ ਭਗਤ ਜੀ ਨੇ ਆਪਣੀਆਂ ਰਚਨਾਵਾਂ ਨੂੰ ਸਿੱਖਿਆ ਦੇਣ ਵਾਂਙ ਹੀ ਪ੍ਰਯੋਗ ਵਿੱਚ ਲੈ ਆਂਦਾ । ਜਿਉਂ-ਜਿਉਂ ਅਸੀਂ ਭਗਤ ਜੀ ਨੂੰ ਪੜ੍ਹਦੇ ਹਾਂ ਤਿਉਂ-ਤਿਉਂ ਅਸਾਡੀਆਂ ਭਾਵਨਾਵਾਂ ਜ਼ਿੰਦਗੀ ਦੇ ਸਾਊ ਰਾਹਾਂ ਨੂੰ ਸਵੀਕਾਰ ਕਰਨ ਦੀ ਵਿਉਂਤ ਬਣਾਉਣ ਲੱਗ ਪੈਂਦੀਆਂ ਹਨ ।

ਸਾਊ ਰਾਹਾਂ ਦੇ ਰਾਹੀ ਸੁਆਰਥੀ ਨਹੀਂ ਹੁੰਦੇ । ਸੁਆਰਥੀ ਸੁਭਾਅ ਸਮਾਜ ਨੂੰ ਗੰਧਲਾ ਕਰਦਾ ਰਹਿੰਦਾ ਹੈ । ਭਗਤ ਜੀ ਦੁਆਰਾ ਰਚਿੱਤ ਸਾਹਿਤ, ਸਮਾਜ ਨੂੰ ਗੰਧਲਾ ਹੋਣ ਤੋਂ ਬਚਾਉਂਦਾ ਹੈ । ਮਾਨਵਵਾਦੀ ਵੇਦਨਾ, ਗੰਧਲੇ ਹੋਏ ਰਾਹਾਂ ਨੂੰ ਬਦਲਾਉਣ ਦਾ ਪ੍ਰਯਤਨ ਕਰਦੀ ਰਹਿੰਦੀ ਹੈ । ਇਸ ਪੜਾਅ ਦੇ ਅੰਤਿਮ ਪ੍ਰਕਰਣ ਤਕ ਪੁੱਜ ਕੇ ਮੁੜ ਦ੍ਰਿਸ਼ਟੀ ਅਤੇ ਦ੍ਰਿਸ਼ ਦੀ ਬਾਤ



ਛਿੜ ਸਕਦੀ ਹੈ ਪਰ ਭਗਤ ਪੂਰਨ ਸਿੰਘ ਜੀ ਤਾਂ ਦ੍ਰਿਸ਼ਟੀ ਅਤੇ ਦ੍ਰਿਸ਼ ਨੂੰ ਸਮ-ਭਾਵੀ ਹੋ ਕੇ ਵੇਖਦੇ ਹੋਏ ਸਮਾਜਿਕ-ਕੁਰੀਤੀਆਂ ਦਾ ਇਲਾਜ ਕਰਦੇ ਰਹੇ ।

ਨਿਜਵਾਦੀ ਮਨੁੱਖ ਦੀ ਨਜ਼ਰ ਆਪਣੇ ਆਲੇ-ਦੁਆਲੇ ਦੇ ਦੁੱਖ-ਦਰਦ ਨੂੰ ਅਣਡਿੱਠ ਕਰੀ ਰੱਖਦੀ ਹੈ ਜਦ ਕਿ ਦਰਵੇਸ਼ ਦਿਲ ਵਾਸਤੇ ਦੁਖੀ-ਦ੍ਰਿਸ਼ ਇਕ ਅਜਿਹਾ ਹਲੂਣਾ ਬਣ ਜਾਂਦਾ ਹੈ ਜਿਸ ਨਾਲ ਭਲਾਈ ਦੇ ਪ੍ਰਕਰਣ ਛਿੜ ਪੈਂਦੇ ਹਨ । ਭਗਤ ਪੂਰਨ ਸਿੰਘ ਜੀ ਬਾਰੇ ਜੇਕਰ ਸੰਖੇਪ ਵਿੱਚ ਕਹਿਣਾ ਹੋਵੇ ਤਾਂ ਆਖਿਆ ਜਾ ਸਕਦਾ ਹੈ ਕਿ ਭਗਤ ਜੀ ਤਾਂ ਭਲਾਈ ਦਾ ਅਜਿਹਾ ਪ੍ਰਕਰਣ ਸਨ ਜਿਸ ਵਿੱਚੋਂ ਪਿੰਗਲਵਾੜਾ ਵਰਗੇ ਲੋਕ ਹਿੱਤੂ ਆਸ਼ਰਮ ਦਾ ਜਨਮ ਹੋਇਆ । ਭਗਤ ਜੀ ਦੀ ਵਿਉਂਤ ਤੇ ਵਿਵਸਥਾ ਸੇਵਾ-ਭਾਵ ਦੀ ਵਿਉਂਤ ਤੇ ਵਿਵਸਥਾ ਸੀ । ਇਹ ਵਿਉਂਤ ਤੇ ਵਿਵਸਥਾ ਪ੍ਰੇਮ 'ਚੋਂ ਉਤਪੰਨ ਹੁੰਦੀ ਹੋਈ ਹੁਣ ਅਜਿਹਾ ਸਾਕਾਰ ਰੂਪ ਧਾਰਨ ਕਰ ਬੈਠੀ ਹੈ ਜਿਸ ਵਿੱਚੋਂ ਭਗਤ ਜੀ ਦਾ ਮਾਨਵਵਾਦ ਚਿੱਤਰ ਦ੍ਰਿਸ਼ਟੀ ਗੋਚਰ ਹੁੰਦਾ ਹੈ ।

-o-

**—"ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥"**

**(ਅੰਗ ੧੩੫)**

**—"ਸਰਬ ਰੋਗ ਕਾ ਅਉਖਦੁ ਨਾਮੁ ॥"**

**(ਅੰਗ ੨੭੪)**

## ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਦੀ ਤਰਫੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ-ਸੰਭਾਲ ਲਈ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਦੇ ਲਈ ਸਹੀ ਇਮਾਰਤ ਅਤੇ ਨਾ ਹੀ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਪ੍ਰਕਾਰ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਜੀ ਇਕੱਲੇ ਹੀ ਇਸ ਸੇਵਾ ਦੇ ਇਸ ਕਠਿਨ ਰਾਹ 'ਤੇ ਚੱਲ ਪਏ; ਲੇਕਿਨ ਲੋਕ ਮਿਲਦੇ ਗਏ ਅਤੇ ਕਾਰਵਾਂ ਬਣਦਾ ਗਿਆ। ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉੱਤਰਾਧਿਕਾਰੀ ਡਾਕਟਰ ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸ਼ਾਂ-ਵਿਦੇਸ਼ਾਂ ਵਿੱਚ ਵੀ ਇਕ ਗੌਰਵ ਪੂਰਨ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ।

**ਪਿੰਗਲਵਾੜਾ ਦੇ ਕਾਰਜਾਂ 'ਤੇ ਇੱਕ ਝਾਤ:-**

**1. ਨਿਵਾਸ ਅਤੇ ਸੰਭਾਲ** :-1803 ਤੋਂ ਵਧੇਰੇ ਨਿਵਾਸੀਆਂ ਦੇ ਰਹਿਣ ਲਈ ਪ੍ਰਬੰਧ ਅਤੇ ਬਜ਼ੁਰਗਾਂ ਦੇ ਰਹਿਣ ਲਈ 'ਆਪਣਾ ਘਰ'। ਪਿੰਗਲਵਾੜਾ ਸੰਸਥਾ ਦੀਆਂ ਅਲੱਗ-ਅਲੱਗ ਬ੍ਰਾਂਚਾਂ ਵਿੱਚ ਬਿਮਾਰੀ ਗ੍ਰਸਤ ਰੋਗੀਆਂ ਦੇ ਰਹਿਣ ਦਾ ਬਹੁਤ ਚੰਗਾ ਪ੍ਰਬੰਧ ਹੈ:-

31 ਅਗਸਤ 2018 ਤਕ ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ:-

| | | | |
|---|---|---|---|
| ਮਾਨਸਿਕ ਰੋਗੀ | 376 | ਏਡਜ਼ ਵਾਲੇ | 21 |
| ਅਧਰੰਗ/ ਪੋਲੀਏ ਵਾਲੇ | 148 | ਮਿਰਗੀ ਵਾਲੇ | 201 |
| ਮੰਦ-ਬੁੱਧੀ ਵਾਲੇ | 441 | ਕੈਂਸਰ ਵਾਲੇ | 01 |
| ਗੂੰਗੇ ਬਹਿਰੇ | 173 | ਸ਼ੂਗਰ ਵਾਲੇ | 87 |
| ਬਜ਼ੁਰਗ | 143 | ਸਕੂਲੀ ਬੱਚੇ | 90 |
| ਜ਼ਖ਼ਮਾਂ ਵਾਲੇ | 29 | ਲਾਵਾਰਸ ਬੱਚੇ | 03 |
| ਟੀ.ਬੀ. ਵਾਲੇ | 17 | ਠੀਕ ਹੋ ਚੁੱਕੇ ਰੋਗੀ | 32 |
| ਨੇਤਰਹੀਣ | 41 | | **ਕੁੱਲ ਰੋਗੀ 1803** |



| **ਸ਼ਾਖਾਵਾਂ** | **ਰੋਗੀ/ਨਿਵਾਸੀ** |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 337 |
| 2. ਮਾਨਾਂਵਾਲਾ ਕੰਪਲੈਕਸ | 886 |
| 3. ਪੰਡੋਰੀ ਵੜੈਚ ਸ਼ਾਖਾ | 111 |
| 4. ਗੋਇੰਦਵਾਲ ਸ਼ਾਖਾ | 98 |
| 5. ਜਲੰਧਰ ਸ਼ਾਖਾ | 41 |
| 6. ਸੰਗਰੂਰ ਸ਼ਾਖਾ | 212 |
| 7. ਪਲਸੋਰਾ ਸ਼ਾਖਾ (ਚੰਡੀਗੜ੍ਹ) | 118 |
| | **ਕੁੱਲ ਰੋਗੀ 1803*** |

2. **ਇਲਾਜ ਅਤੇ ਸਹੂਲਤਾਂ** :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ**: ਰੋਗੀਆਂ ਦੇ ਇਲਾਜ ਲਈ ਪਿੰਗਲਵਾੜਾ ਵਿਖੇ ਇਕ ਮੈਡੀਕਲ ਲੈਬੋਰਟਰੀ ਅਤੇ ਡਿਸਪੈਂਸਰੀ ਦੀ ਸੁਵਿਧਾ ਹੈ ਜਿਸ ਦਾ ਖ਼ਰਚ 90 ਲੱਖ ਰੁਪਏ ਸਾਲਾਨਾ ਹੈ।

**(ਅ) ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੰਨ 2009 ਵਿੱਚ ਅਲਟਰਾ ਸਾਊਂਡ ਕੇਂਦਰ ਦੀ ਸਥਾਪਨਾ ਕੀਤੀ ਗਈ ।

**(ੲ) ਸਹਾਇਕ ਸਟਾਫ਼** :- ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬੋਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

**(ਸ) ਖ਼ੂਨਦਾਨ ਕੈਂਪ** :- ਦੁਰਘਟਨਾ ਗ੍ਰਸਤ ਜ਼ਖਮੀਆਂ ਦੀ ਸਹਾਇਤਾ ਲਈ ਅਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਵਰ੍ਹੇ ਭਗਤ ਜੀ ਦੀ ਬਰਸੀ 'ਤੇ 5 ਅਗਸਤ ਨੂੰ ਵਿਸ਼ਾਲ ਖ਼ੂਨਦਾਨ ਕੈਂਪ ਲਾਇਆ ਜਾਂਦਾ ਹੈ।

**(ਹ) ਬਣਾਵਟੀ ਅੰਗ ਕੇਂਦਰ** :- ਜ਼ਰੂਰਤਮੰਦ ਅੰਗਹੀਣਾਂ ਲਈ ਭਗਤ ਪੂਰਨ

* ਰੋਗੀਆਂ ਦੀ ਗਿਣਤੀ ਹਰ ਸਾਲ ਵਧਦੀ ਜਾ ਰਹੀ ਹੈ, ਪਰੰਤੂ ਠੀਕ ਹੋ ਕੇ ਕਾਫ਼ੀ ਗਿਣਤੀ ਵਿੱਚ ਮਰੀਜ਼ ਘਰਾਂ ਨੂੰ ਵਾਪਸ ਭੇਜ ਦਿੱਤੇ ਗਏ ਹਨ/ਜਾਂਦੇ ਹਨ ।

ਸਿੰਘ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਰਾਹੀਂ ਬਣਾਵਟੀ ਅੰਗ (ਜਿਵੇਂ ਲੱਤਾਂ ਤੇ ਬਾਹਵਾਂ) ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 11618 ਬਣਾਵਟੀ ਅੰਗ ਲਗਾਏ ਗਏ ਹਨ।

(ਕ) **ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਬਧ ਰਹਿੰਦੀ ਹੈ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਵੀ ਤਿਆਰ ਰਹਿੰਦੀਆਂ ਹਨ ।

(ਖ) **ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲਿਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ Bera Test ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ।

(ਗ) **ਸਪੈਸ਼ਲ ਓਪਰੇਸ਼ਨ ਥਿਏਟਰ** :- ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ ਓਪਰੇਸ਼ਨ ਥਿਏਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਹੱਡੀਆਂ ਦੀ ਜਨਰਲ ਸਰਜਰੀ ਅਤੇ ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ ਤਾਂ ਕਿ ਜਨਮ ਤੋਂ ਬਹਿਰੇ ਬੱਚਿਆਂ ਨੂੰ ਸੁਣਨ ਲੱਗ ਪਏ ਤੇ ਇਸ ਉਪਰੰਤ ਉਨ੍ਹਾਂ ਦਾ ਗੁੰਗਾਪਣ ਦੂਰ ਹੋ ਸਕੇ।

(ਘ) **ਦੰਦਾਂ ਦਾ ਕਲਿਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਦੇ ਲਈ ਦੰਦਾਂ ਦਾ ਕਲਿਨਿਕ ਵੀ ਸਥਾਪਿਤ ਕੀਤਾ ਗਿਆ ਹੈ।

(ਙ) **ਫਿਜ਼ਿਓਥਿਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਿਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦੀ ਫਿਜ਼ਿਓਥਿਰੈਪੀ ਕੀਤੀ ਜਾਂਦੀ ਹੈ।

(ਚ) **ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Centre) :-** ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory centre ਸਥਾਪਿਤ ਕੀਤਾ ਗਿਆ ਹੈ।

(ਛ) **ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ



ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

(ਜ) **ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੀ Rehabilitation ਲਈ ਕੇਂਦਰ ਹੈ।

(ਝ) **ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਉਹ ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

**2. ਮੁਫ਼ਤ ਵਿਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-**

(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।

ਇੱਥੇ ਗ਼ਰੀਬ ਅਤੇ ਝੁੱਗੀ-ਝੌਂਪੜੀ ਵਾਲੇ 723 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ 92 ਬੱਚੇ ਪਿੰਗਲਵਾੜਾ ਦੁਆਰਾ ਪਾਲੇ-ਪੋਸੇ ਜਾ ਰਹੇ ਹਨ।

(ਅ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।

ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 156 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੋਰਾ, ਫਿਰੋਜ਼ਪੁਰ ।

ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ ਜਿਸ ਵਿੱਚ 18 ਬੱਚੇ ਸਿੱਖਿਆ ਲੈ ਰਹੇ ਹਨ ।

(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।

ਪਿੰਗਲਵਾੜਾ ਦੇ 205 ਮੰਦਬੁੱਧੀ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

**(ਹ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ :**

ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ ਛਾਇਆ ਹੇਠ 452 ਬੱਚੇ ਮੁਫ਼ਤ ਵਿਦਿਆ ਪ੍ਰਾਪਤ ਕਰ ਰਹੇ ਹਨ।

**(ਕ) ਦਸਤਕਾਰੀ ਸਿੱਖਿਆ ਕੇਂਦਰ :-**

ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚਲ ਰਹੇ ਹਨ। ਇਹ ਸਿਖਲਾਈ ਕੋਰਸ 6 ਮਹੀਨੇ ਦਾ ਹੁੰਦਾ ਹੈ। ਇਹ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਹੈ। ਮਾਨਾਂਵਾਲਾ ਦੇ ਆਸ-ਪਾਸ ਗ਼ਰੀਬ ਬੱਚੀਆਂ ਲਈ ਇਹ ਪ੍ਰਬੰਧ ਹੈ।

**(ਖ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ) ।**

ਇੱਥੇ 37 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਗ) ਕੰਪਿਊਟਰ ਸਿੱਖਿਆ :-**

ਸੂਚਨਾ ਅਤੇ ਟੈਕਨੌਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।



**(ਘ) ਹੋਸਟਲ ਦਾ ਪ੍ਰਬੰਧ :-**

ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 176 ਲੜਕੇ ਲੜਕੀਆਂ ਦੇ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**3. ਵਾਤਾਵਰਣ ਜਾਗਰੂਕਤਾ :-**

ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਦੇ ਲਈ ਬਹੁਤ ਚਿੰਤਿਤ ਰਹਿੰਦੇ ਸਨ; ਇਸ ਲਈ ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ Soil Erosion (ਮਿੱਟੀ ਖੁਰਨ) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਾਲ ਭਗਤ ਜੀ ਦੀ ਬਰਸੀ (5 ਅਗਸਤ) ਦੇ ਮੌਕੇ 'ਤੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਦਰਖਤ ਲਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ। ਇਹ ਦਰਖਤ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟਾਂ ਅਤੇ ਜਨਤਕ ਸਥਾਨਾਂ 'ਤੇ ਲਗਾਏ ਜਾਂਦੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਲਗਭਗ ਹਰ ਸਾਲ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜੇ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ ਹੈ ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

(ਹ) Water Harvesting (ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ।

(ਕ) ਸੋਲਰ ਪਾਵਰ ਊਰਜਾ

**4. ਪੂਰਨ ਪ੍ਰਿੰਟਿੰਗ ਪ੍ਰੈੱਸ :-**

ਇਸ ਛਾਪੇਖ਼ਾਨੇ ਜੋ ਕਿ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਦੁਆਰਾ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨ-ਸਾਧਾਰਣ ਵਿੱਚ ਕਈ ਸਾਲਾਂ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ 'ਪੂਰਨ ਪ੍ਰਿੰਟਿੰਗ ਪ੍ਰੈੱਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖਰਚਾ 1 ਕਰੋੜ 50 ਲੱਖ ਰੁਪਏ ਹੈ। ਦਾਨੀਆਂ ਦੇ ਸਹਿਯੋਗ ਨਾਲ ਚਲਦੇ ਇਸ ਪ੍ਰੈਸ ਦੀ ਬੜੀ ਵੱਡੀ ਦੇਣ ਹੈ।

**5. ਸਮਾਜ ਕਲਿਆਣ ਸੰਬੰਧੀ ਕਾਰਜ:-**

(ੳ) **ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ-ਅਗਸਤ ਵਿੱਚ, ਪੰਜਾਬ ਵਿੱਚ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਹੜ੍ਹ-ਪੀੜਿਤ 800 ਪਰਿਵਾਰਾਂ ਨੂੰ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਵੰਡੇ। ਅਗਸਤ 2010 ਵਿੱਚ ਬੱਦਲ ਫਟਣ ਨਾਲ ਲੇਹ-ਲੱਦਾਖ ਵਿੱਚ ਆਏ ਹੜ੍ਹ ਦੇ ਪੀੜਿਤਾਂ ਲਈ ਡਾ. ਇੰਦਰਜੀਤ ਕੌਰ ਦੀ ਅਗਵਾਈ ਵਿੱਚ ਦੋ ਟਰੱਕ ਰਾਹਤ ਸਮੱਗਰੀ-ਰਾਸ਼ਨ, ਕੰਬਲ ਅਤੇ ਊਨੀ ਕੱਪੜੇ ਦੂਰ-ਦੁਰਾਡੇ ਲੇਹ ਦੇ ਇਲਾਕਿਆਂ ਵਿੱਚ ਵੰਡੇ ਗਏ ।

(ਅ) **ਲਾਵਾਰਸ ਲਾਸ਼ਾਂ ਦਾ ਦਾਹ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਮ ਸੰਸਕਾਰ ਪੂਰੇ ਸਤਿਕਾਰ ਨਾਲ ਕੀਤਾ ਜਾਂਦਾ ਹੈ।

(ੲ) **ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚੱਲ ਰਿਹਾ ਹੈ। ਇਕ ਬਿਰਧ ਘਰ ਮਾਨਾਂਵਾਲਾ ਕੰਪਲੈਕਸ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

(ਸ) **ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:-ਕਠਿਨ ਮਾਰਗ ਦੇ ਪਾਂਧੀ



ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਮੁੱਖ ਪਿੰਗਲਵਾੜਾ, ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)*

(iii) Pingalwara-Home for Homeless

(iv) Pingalwara-A selfless Home (Documentry by Gurmeet Sodhi—a famous American Media personality)

(v) Pingalwara Educational Endeavours

(vi) ਕੁਦਰਤੀ ਖੇਤੀ (Natural Farming)

(vii) ਪਾਣੀ ਦੀ ਸਮੱਸਿਆ

(viii) ਦਰਖ਼ਤ

* ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ **"ਏਹੁ ਜਨਮ ਤੁਮ੍ਹਾਰੇ ਲੇਖੇ"** ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ ਜੋ 30 ਜਨਵਰੀ, 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

**(ix) ਗੁਰਬਾਣੀ ਕੀਰਤਨ ਪਿੰਗਲਵਾੜਾ ਦੇ ਬੱਚਿਆਂ ਦੁਆਰਾ**:-ਇਨ੍ਹਾਂ ਬੱਚਿਆਂ ਦੁਆਰਾ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(x) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ 'ਭਗਤ ਪੂਰਨ ਸਿੰਘ